# GENCO Alumni 25th Year Silver Jubilee Function Celebration with MP Sukh Dhaliwal




Guru Nanak Dev Engineering College, Ludhiana (Punjab) is one of the prestigious, oldest minority institutions of North India with the first batch of students graduating in 1961. Since 2006, the College has been ranked consistently amongst the top 50 engineering colleges of India. This top 50 list includes institutions like IITs and NITs by different independent national agencies like India Today, Outlook, CSR, Star TV etc. Nearly 25,000 Graduates and 7500 Post Graduates have passed from this college and are currently successfully employed at high profile jobs in India & abroad making their alma mater proud of them. GENCO alumni started a yearly function celebration in June of 1992. This past March 18th, Guru Nanak Dev Engineering College alumni members celebrated the silver jubilee dinner of their Detroit chapter at Farmington Hills Manor in Michigan USA. Mr. Sukh Dhaliwal, the Canadian Member of Parliament from Newton-North Delta (Surrey) and also a Genconian (batch 1983) was Chief Guest in attendance. There was a gathering of over 400 people along with other local prominent personalities. GENCO Michigan Alumni Committee had put great effort into making this program a successful event which included special activities for Kids, Bhangra, Giddha and Malwai Giddha. GENCO college and alumni updates were also provided to the alumni members. This included sharing details of starting a carrier guidance committee, special scholarship program started for financially challenged students at GNE College, Ludhiana and helping GENCO members and their families in USA and Canada in terms of career counselling.

Mr. Sukh Dhaliwal addressed members and acknowledged that GNE has played an important role in his life and the bond he had developed with his classmates was really helpful. He also appreciated the committee effort and motivated fellow GENCO members to make future events successful. GENCO members performed live Malwai Giddha (first time in Michigan) with a mix of customized GNE Boliyan and traditional folk Boliyan and entertained the audience.

Metro Detroit GENCO committee are incredibly thankful to chief guest Mr. Sukh Dhaliwal for taking the time to be a part of this function. Next year 2018 GENCO committee is looking forward to Mr Dhaliwal's support and encouragement for future GNECO's activities.

***With regards,***
***Metro Detroit GENCO Association Alumni.***












# Media Roundtable for The Honourable Mike de Jong, Minister of Finance, hosted by South Asian Business Association

















# ਅਮਰੀਕਾ ਨੇ ਐੱਚ-1 ਵੀਜ਼ਾ ਲਈ ਅਰਜ਼ੀਆਂ ਲੈਣੀਆਂ ਰੋਕੀਆਂ

- **ਪੈਂਡਿੰਗ ਮਾਮਲਿਆਂ ਨੂੰ ਨਜਿੱਠਣ ਲਈ 15 ਦਿਨਾਂ ਲਈ ਰੁਕੀ ਪ੍ਰਕਿਰਿਆ**




ਵਾਸ਼ਿੰਗਟਨ, (ਸ.ਦ.ਅ.)-ਅਮਰੀਕਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਭਾਰਤੀ ਆਈ.ਟੀ. ਪੇਸ਼ੇਵਰਾਂ ਵਿਚਾਲੇ ਖ਼ਾਸ ਲੋਕਪ੍ਰਿਆ ਐੱਚ-1ਬੀ ਵੀਜ਼ਾ ਲਈ ਅਰਜ਼ੀ ਲੈਣ ਦੀ ਪ੍ਰਕਿਰਿਆ ਨੂੰ ਰੋਕ ਦਿੱਤਾ ਹੈ। ਵਿਭਾਗ ਨੇ ਸਫ਼ਾਈ ਦਿੱਤੀ ਹੈ ਕਿ ਇਹ ਪ੍ਰਕਿਰਿਆ 15 ਦਿਨਾਂ ਲਈ ਰੋਕੀ ਗਈ ਹੈ। ਇਸ ਦੌਰਾਨ ਵੱਡੀ ਗਿਣਤੀ 'ਚ ਪ੍ਰਾਪਤ ਹੋ ਚੁੱਕੀਆਂ ਅਰਜ਼ੀਆਂ ਨੂੰ ਰੋਕ ਦਿੱਤਾ ਜਾਵੇਗਾ। ਇਸ ਵੀਜ਼ੇ ਦੀਆਂ ਸ਼ਰਤਾਂ ਨੂੰ ਸਖ਼ਤ ਕੀਤਾ ਜਾਣਾ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਏਜੰਡੇ 'ਚ ਸ਼ਾਮਲ ਹੈ। ਅਮਰੀਕੀ ਸੰਸਦ 'ਚ ਵੀ ਇਸ ਨਾਲ ਸਬੰਧਤ ਛੇ ਬਿੱਲ ਪੈਂਡਿੰਗ ਹਨ। ਅਮਰੀਕਾ ਦੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸਬੰਧੀ ਵਿਭਾਗ ਦੇ ਕਾਰਜਕਾਰੀ ਨਿਰਦੇਸ਼ਕ ਲੋਰੀ ਸਿਆਲਾਬਾ ਨੇ ਇਹ ਜਾਣਕਾਰੀ ਸੰਸਦ ਦੀ ਅੰਦਰੂਨੀ ਸੁਰੱਖਿਆ ਦੀ ਉਪ ਕਮੇਟੀ ਨੂੰ ਦਿੱਤੀ ਹੈ। ਇਹ ਦੱਸਿਆ ਗਿਆ ਹੈ ਕਿ ਇਹ ਕਦਮ ਪ੍ਰਬੰਧਨ ਸਮਰੱਥਾ ਨੂੰ ਵਧਾਉਣ ਲਈ ਚੁੱਕਿਆ ਗਿਆ ਹੈ। ਇਸ ਤਹਿਤ ਅਰਜ਼ੀ ਲੈਣ ਦੀ ਸ਼ੁਰੂਆਤੀ ਪ੍ਰਕਿਰਿਆ ਨੂੰ ਰੋਕਿਆ ਗਿਆ ਹੈ। ਤਿੰਨ ਅਪ੍ਰੈਲ ਤੋਂ ਫਿਰ ਤੋਂ ਅਰਜ਼ੀਆਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਨਵੀਆਂ ਅਰਜ਼ੀਆਂ ਸਾਲ 2018 'ਚ ਐੱਚ-1ਬੀ ਵੀਜ਼ਾ ਦੇਣ ਲਈ ਹੋਣਗੀਆਂ। ਉਪ ਕਮੇਟੀ ਦੇ ਇਕ ਸਵਾਲ ਦੇ ਜਵਾਬ 'ਚ ਕਾਰਜਕਾਰੀ ਨਿਰਦੇਸ਼ਕ ਨੇ ਦੱਸਿਆ ਕਿ ਐੱਚ-1ਬੀ ਵੀਜ਼ਾ ਲਈ ਇਸ ਸਮੇਂ ਦੋ ਲੱਖ ਤੋਂ ਵੱਧ ਅਰਜ਼ੀਆਂ ਪੈਂਡਿੰਗ ਹਨ। ਮੌਜੂਦਾ ਕਾਰਜ ਬਲ ਨਾਲ ਇਨ੍ਹਾਂ ਅਰਜ਼ੀਆਂ ਦੇ ਨਿਬੇੜੇ ਮੁਸ਼ਕਿਲ ਸਨ ਇਸ ਲਈ ਨਵੀਆਂ ਅਰਜ਼ੀਆਂ ਲੈਣ ਦੀ ਪ੍ਰਕਿਰਿਆ ਰੋਕੀ ਗਈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਪ੍ਰੈਲ 'ਚ ਜੋ ਅਰਜ਼ੀਆਂ ਮਿਲਣਗੀਆਂ ਉਨ੍ਹਾਂ 'ਤੇ ਅਕਤੂਬਰ ਤੋਂ ਪਹਿਲਾਂ ਵੀਜ਼ਾ ਦਿੱਤਾ ਜਾਣਾ ਸੰਭਵ ਨਹੀਂ ਹੋਵੇਗਾ। ਕਾਰਜਕਾਰੀ ਨਿਰਦੇਸ਼ਕ ਨੇ ਦੱਸਿਆ ਕਿ ਅਮਰੀਕਾ 'ਚ ਕੰਮ ਕਰਨ ਦੇ ਇੱਛੁਕ ਲੋਕਾਂ ਦੇ ਹਰ ਹਫ਼ਤੇ ਦੋ ਲੱਖ ਤੋਂ ਦੋ ਲੱਖ ਚਾਲੀ ਹਜ਼ਾਰ ਅਰਜ਼ੀਆਂ ਪ੍ਰਾਪਤ ਹੁੰਦੀਆਂ ਹਨ।

# ਐੱਚ1ਬੀ ਵੀਜ਼ੇ 'ਚ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਕੀਤੀ ਜਾਵੇਗੀ: ਅਮਰੀਕਾ

ਨਵੀਂ ਦਿੱਲੀ, (ਸ.ਦ.ਅ.)-ਵਣਜ ਮੰਤਰੀ ਨਿਰਮਲਾ ਸੀਤਾਰਮਨ ਨੇ ਦੱਸਿਆ ਕਿ ਅਮਰੀਕਾ ਨੇ ਭਾਰਤ ਨੂੰ ਸੂਚਿਤ ਕੀਤਾ ਹੈ ਕਿ ਐੱਚ1ਬੀ ਵੀਜ਼ੇ ਦੀ ਵਿਵਸਥਾ ਵਿਚ ਕੋਈ ਮਹੱਤਵਪੂਰਨ ਤਬਦੀਲੀ ਨਹੀਂ ਕੀਤੀ ਜਾਵੇਗੀ। ਸੀਤਾਰਮਨ ਨੇ ਲੋਕ ਸਭਾ ਵਿਚ ਕਿਹਾ ਕਿ ਭਾਰਤ, ਅਮਰੀਕਾ ਦੇ ਨਵੇਂ ਪ੍ਰਸ਼ਾਸਨ ਅੱਗੇ ਵੀਜ਼ਾ ਨੀਤੀ ਬਾਰੇ ਆਪਣੇ ਤੌਖਲੇ ਜ਼ੋਰਦਾਰ ਤਰੀਕੇ ਨਾਲ ਰੱਖ ਰਿਹਾ ਹੈ। ਉਨ੍ਹਾਂ ਕਿਹਾ ਕਿ ਐਚ1ਬੀ ਵੀਜ਼ਾ ਪ੍ਰਣਾਲੀ ਵਿਚ ਕੋਈ ਮਹੱਤਵਪੂਰਨ ਬਦਲਾਅ ਨਹੀਂ ਹੈ। ਪ੍ਰਸ਼ਨ ਕਾਲ ਦੌਰਾਨ ਵਣਜ ਮੰਤਰੀ ਨੇ ਕਿਹਾ ਕਿ 2017 ਲਈ ਫਿਲਹਾਲ ਖ਼ਤਰਾ ਟਲਿਆ ਨਹੀਂ ਹੈ। ਅਮਰੀਕੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਹਿਲ ਫਿਲਹਾਲ ਗ਼ੈਰਕਾਨੂੰਨੀ ਪਰਵਾਸੀਆਂ ਦੇ ਮਸਲੇ ਹੱਲ ਕਰਨਾ ਹੈ। ਸੀਤਾਰਮਨ ਨੇ ਕਿਹਾ ਕਿ ਉਨ੍ਹਾਂ ਨੇ ਇਹ ਮਸਲਾ ਬੌਬ ਗੁੱਡਲੱਟੇ ਦੀ ਅਗਵਾਈ ਹੇਠ ਆਏ ਵਫ਼ਦ ਅੱਗੇ ਵੀ ਰੱਖਿਆ ਸੀ। ਉਨ੍ਹਾਂ ਕਿਹਾ ਕਿ ਭਾਰਤ ਨੇ ਵੀਜ਼ਾ ਪ੍ਰਣਾਲੀ ਬਾਰੇ ਆਪਣੇ ਤੌਖ਼ਲੇ 2016 ਵਿਚ ਕੂਟਨੀਤੀ ਅਤੇ ਵਣਜ ਬਾਰੇ ਹੋਈ ਚਰਚਾ ਵਿਚ ਸਪੱਸ਼ਟ ਕੀਤੇ ਸਨ।

# ਭਾਰਤੀ-ਅਮਰੀਕੀਆਂ ਵੱਲੋਂ ਵ੍ਹਾਈਟ ਹਾਊਸ ਅੱਗੇ ਪ੍ਰਦਰਸ਼ਨ


ਵਾਸ਼ਿੰਗਟਨ ਡੀਸੀ ਵਿਚ ਵ੍ਹਾਈਟ ਹਾਊਸ ਦੇ ਸਾਹਮਣੇ ਨਸਲੀ ਨਫ਼ਰਤ ਖ਼ਿਲਾਫ਼ ਸ਼ਾਂਤੀ ਚੇਤਨਾ ਰੈਲੀ ਕਰਦੇ ਹੋਏ ਭਾਰਤੀ ਅਮਰੀਕੀ।

ਵਾਸ਼ਿੰਗਟਨ, (ਸ.ਦ.ਅ.)-ਭਾਰਤੀ-ਅਮਰੀਕੀਆਂ ਨੇ ਇਥੇ ਵ੍ਹਾਈਟ ਹਾਊਸ ਅੱਗੇ ਨਸਲੀ ਅਪਰਾਧਾਂ ਵਿਰੁੱਧ ਜਾਗਰੂਕਤਾ ਰੈਲੀ ਕਰ ਕੇ ਇਸ ਮਾਮਲੇ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਦਖ਼ਲ ਦੀ ਮੰਗ ਕੀਤੀ।

ਭਾਰਤੀ-ਅਮਰੀਕੀ, ਖ਼ਾਸ ਤੌਰ 'ਤੇ ਹਿੰਦੂ ਤੇ ਸਿੱਖ ਇਸਲਾਮ ਦੇ ਡਰ ਕਾਰਨ ਹੁੰਦੇ ਅਪਰਾਧਾਂ ਦੇ ਪੀੜਤ ਬਣ ਰਹੇ ਹਨ। ਵਰਜੀਨੀਆ ਆਧਾਰਿਤ ਕਾਰਪੋਰੇਟ ਮਾਮਲਿਆਂ ਦੇ ਵਕੀਲ ਵਿੰਧੀਆ ਅਡਾਪਾ (27) ਨੇ ਵ੍ਹਾਈਟ ਹਾਊਸ ਅੱਗੇ ਕਿਹਾ ਕਿ ਹਿੰਦੂ ਹਾਲ ਹੀ ਵਿਚ ਇਸਲਾਮ ਦੇ ਡਰ ਕਾਰਨ ਹੁੰਦੇ ਅਪਰਾਧਾਂ ਦੇ ਸ਼ਿਕਾਰ ਬਣੇ ਹਨ। ਵੱਖ-ਵੱਖ ਗਰੁੱਪਾਂ ਨਾਲ ਸੰਬੰਧਿਤ ਦਰਜਨਾਂ ਭਾਰਤੀ-ਅਮਰੀਕੀਆਂ ਨੇ ਭਾਈਚਾਰੇ ਵਿਰੁੱਧ ਨਸਲੀ ਅਪਰਾਧਾਂ ਵਿਚ ਹੋਏ ਵਾਧੇ ਦੇ ਮੱਦੇਨਜ਼ਰ ਸ਼ਾਂਤੀਪੂਰਨ ਪ੍ਰਦਰਸ਼ਨ ਕੀਤਾ। ਅਡਾਪਾ ਦੇ ਮਿੱਤਰ ਤੇ ਭਾਰਤੀ-ਅਮਰੀਕੀ ਨੌਜਵਾਨ ਡਾਕਟਰ ਐੱਸ. ਸ਼ੇਸ਼ਾਦਰੀ ਨੇ ਕਿਹਾ ਕਿ ਕੰਸਾਸ ਵਿਚ ਆਈ.ਟੀ. ਮਾਹਿਰ ਦਾ ਕਤਲ ਤੇ ਗੋਲੀਬਾਰੀ ਇਸ ਦੀ ਤਾਜ਼ਾ ਉਦਾਹਰਨ ਹੈ, ਜਿਸ ਨੂੰ ਗਲਤੀ ਨਾਲ ਅਰਬ ਤੇ ਮੁਸਲਮਾਨ ਸਮਝ ਕੇ ਗੋਲੀ ਮਾਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਉਹ ਸਮਝਦੇ ਹਨ ਕਿ ਮੌਜੂਦਾ ਸਿਆਸੀ ਮਾਹੌਲ ਹੌਲੀ-ਹੌਲੀ ਹਿੰਦੂ-ਅਮਰੀਕੀਆਂ ਸਣੇ ਸਾਰੇ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਵਾਲਾ ਹੈ। ਰਾਸ਼ਟਰਪਤੀ ਨੂੰ ਇਸ ਘਟਨਾ ਦੀ ਨਿਖੇਧੀ ਕਰਨ ਦੀ ਅਪੀਲ ਕਰਦਿਆਂ ਅਡਾਪਾ ਨੇ ਕਿਹਾ, "ਅਸੀਂ ਅੱਜ ਇਥੇ ਨਸਲੀ ਅਪਰਾਧਾਂ ਖ਼ਾਸ ਤੌਰ ਉਤੇ ਭਾਰਤੀ ਮੂਲ ਦੇ ਲੋਕਾਂ ਵਿਰੁੱਧ ਹੋਣ ਵਾਲੇ ਨਸਲੀ ਅਪਰਾਧਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਇਕੱਠੇ ਹੋਏ ਹਾਂ। ਇਹ ਟਰੰਪ ਪ੍ਰਸ਼ਾਸਨ ਵਿਰੁੱਧ ਪ੍ਰਦਰਸ਼ਨ ਨਹੀਂ ਹੈ।"

# ਪ੍ਰੋਸਟੇਟ ਕੈਂਸਰ ਤੋਂ ਬਚਾਵੇ ਬ੍ਰੋਕਲੀ



ਨਿਊਯਾਰਕ, (ਸ.ਦ.ਅ.)-ਵੱਧ ਮਾਤਰਾ 'ਚ ਪੱਤੇਦਾਰ ਸਬਜ਼ੀਆਂ ਵਰਗੇ ਬ੍ਰੋਕਲੀ ਖਾਣੇ ਨਾਲ ਕਈ ਖ਼ਤਰਨਾਕ ਬਿਮਾਰੀਆਂ ਤੋਂ ਬਚਾਅ 'ਚ ਮਦਦ ਮਿਲ ਸਕਦੀ ਹੈ। ਨਵੀਂ ਖੋਜ ਦਾ ਦਾਅਵਾ ਹੈ ਕਿ ਇਸ ਦੇ ਸੇਵਨ ਨਾਲ ਪ੍ਰੋਸਟੇਟ ਕੈਂਸਰ ਦੇ ਖ਼ਤਰੇ ਨੂੰ ਟਾਲਿਆ ਜਾ ਸਕਦਾ ਹੈ। ਬ੍ਰੋਕਲੀ 'ਚ ਪ੍ਰਚਾਰ ਮਾਤਰਾ 'ਚ ਸਲਫੋਰਾਫੇਨ ਨਾਮੀ ਕੰਪਾਊਂਡ ਪਾਇਆ ਜਾਂਦਾ ਹੈ ਜੋ ਇਸ ਦੇ ਵਧਦੇ ਜੋਖਮ ਨੂੰ ਘੱਟ ਕਰ ਦਿੰਦਾ ਹੈ। ਅਮਰੀਕੀ ਖੋਜਕਾਰੀਆਂ ਨੇ ਦੱਸਿਆ ਕਿ ਪੂਰੀ ਦੁਨੀਆਂ 'ਚ ਵੱਡੀ ਗਿਣਤੀ 'ਚ ਮਰਦ ਪ੍ਰੋਸਟੇਟ ਕੈਂਸਰ ਦੀ ਲਪੇਟ 'ਚ ਹਨ। ਖੋਜ 'ਚ ਜਾਣਿਆ ਗਿਆ ਕਿ ਬ੍ਰੋਕਲੀ 'ਚ ਪਾਇਆ ਜਾਣ ਵਾਲਾ ਸਲਫੋਰਾਫੇਨ ਪ੍ਰੋਸਟੇਟ ਕੈਂਸਰ ਤੋਂ ਬਚਾਅ 'ਚ ਮਦਦਗਾਰ ਹੋ ਸਕਦਾ ਹੈ। ਇਹ ਕੈਂਸਰ ਕੋਸ਼ਿਕਾਵਾਂ ਦੇ ਵਿਕਾਸ ਨੂੰ ਹੌਲੀ ਜਾਂ ਪੂਰੀ ਤਰ੍ਹਾਂ ਰੋਕ ਲਗਾ ਦਿੰਦਾ ਹੈ। ਓਰੇਗਨ ਸਟੇਟ ਯੂਨੀਵਰਸਿਟੀ ਦੀ ਖੋਜਕਾਰੀ ਲੌਰਾ ਬੀਵੇਰ ਨੇ ਕਿਹਾ ਕਿ ਖੋਜ ਤੋਂ ਜ਼ਾਹਰ ਹੋਇਆ ਕਿ ਸਲਫੋਰਾਫੇਨ ਆਰ.ਐੱਨ.ਏ. ਲੈਵਲ ਨੂੰ ਸਾਧਾਰਨ ਕਰਦਾ ਹੈ। ਇਸ ਦੇ ਸਾਧਾਰਨ ਹੋਣ ਨਾਲ ਹੀ ਇਹ ਬਿਮਾਰੀ ਖ਼ਤਰਨਾਕ ਹੋ ਜਾਂਦੀ ਹੈ। ਪ੍ਰੋਸਟੇਟ ਕੈਂਸਰ ਦੇ ਇਲਾਜ ਦੀ ਦਿਸ਼ਾ 'ਚ ਇਹ ਵੱਡੀ ਸਫ਼ਲਤਾ ਹੈ।

# ਟਰੰਪ-ਮਰਕੇਲ ਮੁਲਾਕਾਤ ਨਾਲ ਠੰਡਾ ਪਿਆ ਵਿਵਾਦ


ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਜਰਮਨੀ ਦੀ ਚਾਂਸਲਰ ਏਂਜਲਾ ਮਰਕੇਲ ਦਰਮਿਆਨ ਹੋਈ ਪਹਿਲੀ ਮੁਲਾਕਾਤ ਦਾ ਦ੍ਰਿਸ਼।

ਵਾਸ਼ਿੰਗਟਨ, (ਸ.ਦ.ਅ.)-ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਅਤੇ ਜਰਮਨੀ ਦੀ ਚਾਂਸਲਰ ਏਂਜਲਾ ਮਰਕੇਲ ਦਰਮਿਆਨ ਹੋਈ ਪਹਿਲੀ ਮੁਲਾਕਾਤ 'ਚ ਪੁਰਾਣੇ ਵਿਵਾਦ ਪਿੱਛੇ ਰਹਿ ਗਏ। ਵ੍ਹਾਈਟ ਹਾਊਸ 'ਚ ਪਹਿਲੀ ਵਾਰ ਆਹਮੋ-ਸਾਹਮਣੇ ਹੋਈ ਗੱਲਬਾਤ 'ਚ ਦੋਨਾਂ ਨੇਤਾਵਾਂ ਨੇ ਵਿਸ਼ਵ ਪੱਧਰ ਦੇ ਮੁੱਦਿਆਂ 'ਤੇ ਗਹਿਰੀ ਚਰਚਾ ਕੀਤੀ। ਇਸ ਮੁਲਾਕਾਤ 'ਚ 2016 ਦੇ ਰਾਸ਼ਟਰਪਤੀ ਚੋਣ ਪ੍ਰਚਾਰ ਦੌਰਾਨ ਟਰੰਪ ਵੱਲੋਂ ਮਰਕੇਲ ਦੇ ਵਿਰੋਧ ਦਾ ਕੋਈ ਅਸਰ ਨਹੀਂ ਦਿਖਿਆ।

ਟਰੰਪ ਨੇ ਵ੍ਹਾਈਟ ਹਾਊਸ ਪਹੁੰਚਣ 'ਤੇ ਜਰਮਨੀ ਦੀ ਚਾਂਸਲਰ ਵੱਲ ਹੱਥ ਵਧਾ ਕੇ ਉਨ੍ਹਾਂ ਦਾ ਸਵਾਗਤ ਕੀਤਾ। ਜਾਇੰਟ ਪ੍ਰੈੱਸ ਕਾਨਫਰੰਸ 'ਚ ਮਰਕਲ ਨੇ ਕਿਹਾ ਕਿ ਮੈਂ ਹਮੇਸ਼ਾ ਕਿਹਾ ਹੈ ਕਿ ਆਹਮੋ-ਸਾਹਮਣੇ ਗੱਲਬਾਤ ਕਰਨਾ ਕਿਸੇ ਹੋਰ ਵੱਲੋਂ ਗੱਲ ਕਰਨ ਤੋਂ ਕਿਤੇ ਵੱਧ ਚੰਗਾ ਰਹਿੰਦਾ ਹੈ। ਮੈ ਸਮਝਦੀ ਹਾਂ ਕਿ ਸਾਡੀ ਗੱਲਬਾਤ ਇਸ ਨੂੰ ਸਾਬਤ ਜ਼ਰੂਰ ਕਰੇਗੀ।

ਰਾਸ਼ਟਰਪਤੀ ਚੋਣ ਪ੍ਰਚਾਰ ਦੌਰਾਨ ਟਰੰਪ ਨੇ ਮਰਕੇਲ 'ਤੇ ਜਰਮਨੀ ਨੂੰ ਤਬਾਹ ਕਰਨ ਦਾ ਦੋਸ਼ ਲਾਇਆ ਸੀ। ਉਨ੍ਹਾਂ ਕਿਹਾ ਕਿ ਵੱਡੀ ਗਿਣਤੀ 'ਚ ਮੱਧ ਪੂਰਬੀ ਸ਼ਰਨਾਰਥੀਆਂ ਨੂੰ ਥਾਂ ਦੇ ਕੇ ਮਰਕੇਲ ਜਰਮਨੀ ਨੂੰ ਤਬਾਹ ਕਰ ਰਹੀ ਹੈ। ਹੁਣ ਟਰੰਪ ਨੇ ਅਫ਼ਗਾਨਿਸਤਾਨ 'ਚ ਜਰਮਨੀ ਦੇ ਯਤਨਾਂ ਅਤੇ ਇਸਲਾਮਿਕ ਸਟੇਟ ਨਾਲ ਲੜਾਈ 'ਚ ਸਹਿਯੋਗ ਲਈ ਚਾਂਸਲਰ ਦੀ ਤਾਰੀਫ਼ ਕੀਤੀ। ਅਮਰੀਕੀ ਰਾਸ਼ਟਰਪਤੀ ਨੇ ਨਾਟੋ ਦੇ ਕਈ ਯੂਰਪੀ ਮੈਂਬਰਾਂ ਦੀ ਸ਼ਿਕਾਇਤ ਵੀ ਕੀਤੀ। ਉਨ੍ਹਾਂ ਕਿਹਾ ਕਿ ਮੈਂਬਰ ਦੇਸ਼ ਐਟਲਾਂਟਿਕ ਗਠਜੋੜ 'ਚ ਆਪਣੀ ਤਾਕਤ ਨਹੀਂ ਦਿਖਾ ਰਹੇ ਹਨ। ਪਿਛਲੇ ਕਈ ਸਾਲਾਂ ਤੋਂ ਕਈ ਦੇਸ਼ ਵੱਡੀ ਰਾਸ਼ੀ ਦੇ ਦੇਣਦਾਰ ਹਨ ਅਤੇ ਇਹ ਅਮਰੀਕਾ ਲਈ ਸਹੀ ਨਹੀਂ ਹੈ। ਇਹ ਦੇਸ਼ ਆਪਣੀ ਦੇਣਦਾਰੀ ਚੁਕਾਉਣ।

# ਹਿਊਸਟਨ 'ਚ ਲੋਕ ਨਿਰਮਾਣ ਵਿਭਾਗ ਦੀ ਅਗਵਾਈ ਕਰੇਗੀ ਭਾਰਤੀ ਮੂਲ ਦੀ ਮਹਿਲਾ

ਹਿਊਸਟਨ, (ਸ.ਦ.ਅ.)-ਸ਼ਹਿਰ ਦੇ ਮੇਅਰ ਸਿਲਵੈਸਟਰ ਟਰਨਰ ਦੁਆਰਾ ਲੋਕ ਨਿਰਮਾਣ ਤੇ ਇੰਜੀਨੀਅਰਿੰਗ ਵਿਭਾਗ ਲਈ ਪ੍ਰਧਾਨ ਦੇ ਰੂਪ 'ਚ ਭਾਰਤੀ ਮੂਲ ਦੀ ਅਮਰੀਕੀ ਕਰਨ ਸ਼੍ਰੀਰਾਮਾ ਦਾ ਨਾਂ ਸਾਹਮਣੇ ਆਇਆ ਹੈ। 53 ਸਾਲਾ ਸ਼੍ਰੀਰਾਮਾ ਇਕ ਸਥਾਈ ਸਥਾਨਕ ਰਾਜਨੀਤਿਕ ਦਾਤਾ, ਪੁਨਰਵਾਸ ਦੇ ਨਿਰਦੇਸ਼ਕ ਡੇਲ ਰੁਡੀਕ ਦੀ ਥਾਂ ਹਿਊਸਟਨ ਦੀ 2 ਅਰਬ ਡਾਲਰ ਅਤੇ 4 ਹਜ਼ਾਰ ਤੋਂ ਜਿਆਦਾ ਕਰਮਚਾਰੀਆਂ ਦੀ ਅਗਵਾਈ ਕਰੇਗੀ। ਜੇਕਰ ਕਾਊਂਸਿਲ ਦੁਆਰਾ ਇਸ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਹੈਦਰਾਬਾਦ ਦੇ ਪਿਛੋਕੜ ਵਾਲੀ ਭਾਰਤੀ ਮੂਲ ਦੀ ਸ਼੍ਰੀਰਾਮਾ 3 ਅਪ੍ਰੈਲ ਨੂੰ ਕੰਮ ਸ਼ੁਰੂ ਕਰ ਦੇਵੇਗੀ।

ਇਸ ਦੇ ਨਾਲ ਹੀ ਸ਼੍ਰੀਰਾਮਾ ਇਸ ਪ੍ਰਕਿਰਿਆ 'ਚ ਪਹਿਲੀ ਏਸ਼ੀਆਈ ਡਿਪਾਰਟਮੈਂਟ ਡਾਇਰੈਕਟਰ ਬਣ ਜਾਵੇਗੀ। ਸ਼੍ਰੀਰਾਮਾ ਇਕ ਉੱਚ ਸਨਮਾਨਿਤ ਸ਼ਖਸੀਅਤ ਹੈ, ਜਿਸ ਨੂੰ 28 ਸਾਲ ਦਾ ਤਜਰਬਾ ਹਾਸਲ ਹੈ ਜੋ ਅਮਰੀਕਾ ਅਤੇ ਵਿਦੇਸ਼ਾਂ 'ਚ ਬਹੁ-ਮਿਲੀਅਨ ਡਾਲਰ ਪੂਜੀ ਪ੍ਰੀ-ਯੋਜਨਾਵਾਂ ਦਾ ਪ੍ਰਬੰਧ ਚਲਾਉਦੀ ਹੈ। ਸ਼੍ਰੀਰਾਮਾ ਇਕ ਕਿੱਤਾਮੁਖੀ ਇੰਜੀਨੀਅਰ ਹੈ ਅਤੇ ਉਸ ਕੋਲ ਸਿਵਿਲ ਇੰਜੀਨੀਅਰਿੰਗ 'ਚ ਡਾਕਟਰ ਦੀ ਡਿਗਰੀ ਦੇ ਨਾਲ-ਨਾਲ ਬਿਜ਼ਨੈੱਸ ਪ੍ਰਸ਼ਾਸਨ 'ਚ ਮਾਸਟਰ ਡਿਗਰੀ ਵੀ ਹੈ। ਸ਼੍ਰੀਰਾਮਾ ਨੇ ਕਿਹਾ ਕਿ ਸੰਗਠਨ ਦਹਾਕਿਆਂ ਤੱਕ ਪ੍ਰਤੀਕਿਰਿਆ ਲਈ ਕਠੋਰ ਅਤੇ ਫੀਡਬੈਕ ਦੀ ਐਲਰਜੀ ਲਈ ਜਾਣਿਆ ਜਾਂਦਾ ਹੈ। ਇਸ ਦੇ ਵਿਕਾਸ 'ਚ ਸੁਧਾਰ ਕਰਨ ਦੇ ਨਾਲ-ਨਾਲ ਨੌਕਰ ਮਾਨਸਿਕਤਾ ਵਿਕਸਿਤ ਕਰਨੀ ਚਾਹੀਦੀ ਹੈ।

# ਇਕ ਵਿਅਕਤੀ ਦੀ ਗ੍ਰਿਫ਼ਤਾਰੀ ਪਿੱਛੋਂ ਵ੍ਹਾਈਟ ਹਾਊਸ ਦੀ ਸੁਰੱਖਿਆ ਵਧਾਈ



ਵਾਸ਼ਿੰਗਟਨ, (ਸ.ਦ.ਅ.)-ਵ੍ਹਾਈਟ ਹਾਊਸ ਦੀ ਇਕ ਜਾਂਚ ਚੌਕੀ 'ਤੇ ਇਕ ਵਿਅਕਤੀ ਦੀ ਗ੍ਰਿਫ਼ਤਾਰੀ ਬਾਅਦ ਅਮਰੀਕੀ ਸੁਰੱਖਿਆ ਵਿਭਾਗ ਨੇ ਸੁਰੱਖਿਆ ਵਧਾ ਦਿੱਤੀ ਹੈ। ਇਹ ਜਾਣਕਾਰੀ ਇਕ ਅਧਿਕਾਰੀ ਨੇ ਦਿੱਤੀ। ਸ਼ਨਿਚਰਵਾਰ ਨੂੰ ਸਥਾਨਕ ਸਮੇਂ ਮੁਤਾਬਕ 11:05 ਵਜੇ ਹੋਈ ਇਸ ਘਟਨਾ ਤੋਂ ਪਹਿਲਾਂ ਇਕ ਹੋਰ ਬਾਈਕ ਸਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਬਾਈਕ ਸਵਾਰ ਨੂੰ ਫੜੇ ਜਾਣ ਬਾਅਦ ਵ੍ਹਾਈਟ ਹਾਊਸ ਨੂੰ ਸੁਰੱਖਿਅਤ ਨਹੀਂ ਮੰਨਿਆ ਜਾ ਰਿਹਾ ਸੀ।

ਸੀ.ਐੱਨ.ਐੱਨ. ਨੇ ਖ਼ਬਰ ਦਿੱਤੀ ਹੈ ਕਿ ਕਾਰ ਸਵਾਰ ਵਿਅਕਤੀ ਨੇ ਆਪਣੇ ਵਾਹਨ 'ਚ ਬੰਬ ਹੋਣ ਦਾ ਦਾਅਵਾ ਕੀਤਾ ਸੀ। ਇਸ ਤੋਂ ਬਾਅਦ ਹੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਉਸ ਦੀ ਕਾਰ ਜ਼ਬਤ ਕਰ ਲਈ ਗਈ। ਘਟਨਾ ਸਮੇਂ ਰਾਸ਼ਟਰਪਤੀ ਡੋਨਲਡ ਟਰੰਪ ਫਲੋਰੀਡਾ 'ਚ ਸੀ। ਵਾਹਨ 'ਚ ਕੋਈ ਵਿਸਫੋਟਕ ਡਿਵਾਈਸ ਨਹੀਂ ਮਿਲਿਆ ਹੈ। ਵ੍ਹਾਈਟ ਹਾਊਸ ਦੀ ਸੁਰੱਖਿਆ ਚਿੰਤਾ 'ਤੇ ਸੁਰੱਖਿਆ ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਸ਼ਨਿਚਰਵਾਰ ਨੂੰ ਇਕ ਵਿਅਕਤੀ ਆਪਣੀ ਗੱਡੀ ਨਾਲ ਸੁਰੱਖਿਆ ਵਿਭਾਗ ਦੀ ਜਾਂਚ ਚੌਕੀ ਵੱਲ ਚੱਲਿਆ ਆਇਆ ਸੀ। ਸੁਰੱਖਿਆ ਵਿਭਾਗ ਨੇ ਉਸ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਉਸ ਦੇ ਵਾਹਨ ਨੂੰ ਸ਼ੱਕੀ ਮੰਨਿਆ ਹੈ। ਵ੍ਹਾਈਟ ਹਾਊਸ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ।

# ਦਿਮਾਗ ਨੂੰ ਅਸੰਤੁਲਿਤ ਕਰ ਸਕਦੀ ਹੈ ਵਾਰ-ਵਾਰ ਫੇਸਬੁੱਕ ਦੇਖਣ ਦੀ ਤਲਬ

*** ਦਿਮਾਗ ਦੀਆਂ ਦੋ ਵਿਵਸਥਾਵਾਂ ਵਿਚਾਲੇ ਗੜਬੜੀ ਦੀ ਸੰਭਾਵਨਾ**

ਨਿਊਯਾਰਕ, (ਸ.ਦ.ਅ.)-ਜੇ ਤੁਸੀਂ ਵੀ ਗੱਡੀ ਚਲਾਉਂਦੇ ਸਮੇਂ, ਮੀਟਿੰਗ 'ਚ ਤਾਂ ਹੋਰ ਕਿਸੇ ਨੂੰ ਕੰਮ ਕਰਦੇ ਵਿਚ ਵਿਚ ਫੇਸਬੁੱਕ ਜਾਂ ਹੋਰ ਸੋਸ਼ਲ ਸਾਈਟ ਚੈੱਕ ਕਰਦੇ ਹੋ ਤਾਂ ਸੰਭਲ ਜਾਓ। ਇਹ ਆਦਤ ਤੁਹਾਡੇ ਦਿਮਾਗ ਦੀਆਂ ਦੋ ਵਿਵਸਥਾਵਾਂ ਵਿਚਾਲੇ ਅਸੰਤੁਲਨ ਦਾ ਕਾਰਨ ਬਣ ਸਕਦੀ ਹੈ। ਅਮਰੀਕਾ ਦੀ ਡੀਪਾਲ ਯੂਨੀਵਰਸਿਟੀ ਦੇ ਖੋਜਕਾਰੀਆਂ ਨੇ ਦੱਸਿਆ ਕਿ ਕਿਸੇ ਵੀ ਤਰ੍ਹਾਂ ਦਾ ਫ਼ੈਸਲਾ ਲੈਂਦੇ ਸਮੇਂ ਮਨੁੱਖ ਦੇ ਦਿਮਾਗ 'ਚ ਦੋ ਤਰ੍ਹਾਂ ਦੀਆਂ ਵਿਵਸਥਾਵਾਂ ਕੰਮ ਕਰਦੀਆਂ ਹਨ। ਇਸ 'ਚ ਪਹਿਲੀ ਵਿਵਸਥਾ ਤੱਤਕਾਲੀ ਫ਼ੈਸਲੇ ਲਈ ਹੁੰਦੀ ਹੈ। ਇਹ ਕਿਸੇ ਸਥਿਤੀ ਦੇ ਆਧਾਰ 'ਤੇ ਵਿਅਕਤੀ ਨੂੰ ਤੁਰੰਤ ਫ਼ੈਸਲਾ ਕਰਨ 'ਚ ਸਮਰੱਥ ਬਣਾਉਂਦੀ ਹੈ। ਅਚਾਨਕ ਕੁਝ ਦੇਖਣ ਜਾਂ ਸੋਸ਼ਲ ਮੀਡੀਆ ਦੇ ਸੰਦੇਸ਼ਾਂ 'ਤੇ ਮਨੁੱਖ ਇਸੇ ਆਧਾਰ 'ਤੇ ਪ੍ਰਕਿਰਿਆ ਦਿੰਦਾ ਹੈ। ਉਥੇ ਹੀ ਦੂਜੀ ਅਵਸਥਾ ਵਸਤੂਗਤ ਫ਼ੈਸਲੇ 'ਚ ਕੰਮ ਆਉਂਦੀ ਹੈ। ਇਸ ਦੀ ਮਦਦ ਨਾਲ ਮਨੁੱਖ ਦਾ ਨਿਸ਼ਚਿਤ ਵਿਵਹਾਰ ਤੈਅ ਹੁੰਦਾ ਹੈ ਜਿਸ ਤਰ੍ਹਾਂ ਗੱਡੀ ਦੀ ਗਤੀ ਨੂੰ ਕਾਬੂ 'ਚ ਰੱਖਣਾ ਅਤੇ ਰਸਤੇ 'ਤੇ ਧਿਆਨ ਬਣਾਏ ਰੱਖਣਾ। ਕਿਸੇ ਮੀਟਿੰਗ 'ਚ ਵੀ ਮਨੁੱਖ ਪੂਰੀ ਤਰ੍ਹਾਂ ਸੋਚ ਵਿਚਾਰ ਕਰਕੇ ਫ਼ੈਸਲੇ ਕਰਦਾ ਹੈ। ਸਹਾਇਕ ਪ੍ਰੋਫੈਸਰ ਹਾਮਿਦ ਕਾਹਰੀ ਸਰੇਮੀ ਨੇ ਕਿਹਾ ਕਿ ਗੱਡੀ ਚਲਾਉਣ, ਮੀਟਿੰਗ 'ਚ ਹੋਣ ਅਤੇ ਇਸ ਤਰ੍ਹਾਂ ਦੀਆਂ ਹੀ ਨਿਸ਼ਚਿਤ ਗਤੀਵਿਧੀਆਂ 'ਚ ਵਾਰ-ਵਾਰ ਫੇਸਬੁੱਕ ਜਾਂ ਸੋਸ਼ਲ ਮੀਡੀਆ ਅਪਡੇਟ ਚੈੱਕ ਕਰਨਾ ਦਿਮਾਗ ਦੀਆਂ ਇਨ੍ਹਾਂ ਦੋਨਾਂ ਵਿਵਸਥਾਵਾਂ ਵਿਚਾਲੇ ਅਸੰਤੁਲਨ ਬਣਾ ਸਕਦਾ ਹੈ। ਲੰਬੇ ਸਮੇਂ ਤਕ ਇਹ ਆਦਤ ਵਿਅਕਤੀ ਨੂੰ ਸਾਧਾਰਨ ਸਥਿਤੀਆਂ 'ਚ ਵੀ ਫ਼ੈਸਲੇ ਲੈਣ 'ਚ ਅਸਮਰੱਥ ਕਰ ਸਕਦੀ ਹੈ।

# ਸੰਪਾਦਕੀ

## ਚੁਫੇਰਿਓਂ ਚੁਣੌਤੀਆਂ ਨਾਲ ਘਿਰੀ ਹੋਈ ਹੈ ਕੈਪਟਨ ਸਰਕਾਰ

ਪੰਜਾਬ 'ਚ ਬਹੁਮਤ ਨਾਲ ਸਰਕਾਰ ਬਣਾ ਕੇ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ, ਜੋ ਕਿ ਪੂਰੇ ਦੇਸ਼ ਵਿਚ ਹਾਸ਼ੀਏ 'ਤੇ ਚੱਲ ਰਹੀ ਹੈ, ਦਾ ਝੰਡਾ ਬੁਲੰਦ ਕਰ ਦਿੱਤਾ ਹੈ। ਅਮਰਿੰਦਰ ਸਿੰਘ ਨੂੰ ਜਿੰਨੀ ਵੱਡੀ ਜਿੱਤ ਮਿਲੀ ਹੈ, ਓਨੀ ਹੀ ਉਨ੍ਹਾਂ ਦੀ ਸਰਕਾਰ ਚੁਫੇਰਿਓਂ ਚੁਣੌਤੀਆਂ ਨਾਲ ਘਿਰੀ ਹੋਈ ਹੈ। ਉਨ੍ਹਾਂ ਨੂੰ ਵਿਰਾਸਤ ਵਿਚ ਭਾਰੀ ਕਰਜ਼ਾ, ਅਮਨ-ਕਾਨੂੰਨ ਦੀ ਮਾੜੀ ਹਾਲਤ, ਕਿਸਾਨਾਂ-ਮਜ਼ਦੂਰਾਂ ਦੀ ਮੰਦਹਾਲੀ, ਨਸ਼ਿਆਂ ਦਾ ਪ੍ਰਵਾਹ, ਭ੍ਰਿਸ਼ਟ ਤੰਤਰ, ਲੀਹੋਂ ਲੱਥੀ ਸਨਅਤ ਆਦਿ ਅਲਾਮਤਾਂ ਹੀ ਮਿਲੀਆਂ ਹਨ। ਕਿਸੇ ਵੇਲੇ ਭਾਰਤ ਦਾ ਸਭ ਤੋਂ ਅਮੀਰ ਸੂਬਾ ਰਿਹਾ ਪੰਜਾਬ ਅੱਜ ਬੁਰੀ ਤਰ੍ਹਾਂ ਕਰਜ਼ੇ ਦੀ ਮਾਰ ਹੇਠ ਹੈ। ਕਿਸਾਨ ਬਦਹਾਲ ਹਨ, ਉਦਯੋਗ ਤਬਾਹ ਹੋ ਚੁੱਕੇ ਹਨ, ਸਰਕਾਰੀ ਜਾਇਦਾਦਾਂ ਨਿਲਾਮ ਹੋ ਰਹੀਆਂ ਹਨ, ਬੇ-ਰੋਜ਼ਗਾਰੀ ਦਾ ਦੈਂਤ ਮੂੰਹ ਅੱਡੀਂ ਖੜ੍ਹਾ ਹੈ, ਨਸ਼ਿਆਂ ਦਾ ਕਹਿਰ ਜਾਰੀ ਹੈ ਅਤੇ ਖ਼ਜ਼ਾਨਾ ਖਾਲੀ ਹੈ। 10 ਸਾਲ ਪਹਿਲਾਂ ਅਮਰਿੰਦਰ ਸਿੰਘ ਪੰਜਾਬ ਉੱਤੇ 50 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਛੱਡ ਕੇ ਗਏ ਸਨ ਜੋ ਕਿ ਅੱਜ ਵਧ ਕੇ ਸਵਾ ਲੱਖ ਕਰੋੜ ਰੁਪਏ ਹੋ ਚੁੱਕਾ ਹੈ। ਪਿਛਲੇ ਸਾਲ ਪੰਜਾਬ ਨੇ ਦਸ ਹਜ਼ਾਰ ਕਰੋੜ ਰੁਪਏ ਤਾਂ ਸਿਰਫ਼ ਵਿਆਜ ਵਜੋਂ ਹੀ ਚੁਕਾਏ ਹਨ, ਜੋ ਕਿ ਸੂਬੇ ਦੇ ਕੁਲ ਮਾਲੀਏ ਦਾ ਪੰਜਵਾਂ ਹਿੱਸਾ ਹੈ।

ਆਪਣੇ ਚੋਣ ਮਨੋਰਥ ਪੱਤਰ ਵਿਚ ਕਾਂਗਰਸ ਨੇ ਬੇਰੋਜ਼ਗਾਰਾਂ ਨੂੰ ਨੌਕਰੀਆਂ ਜਾਂ ਹਰ ਹਾਲਤ ਵਿਚ 2500 ਰੁਪਏ ਪ੍ਰਤੀ ਮਹੀਨਾ ਬੇਰੋਜ਼ਗਾਰੀ ਭੱਤਾ ਦੇਣ ਦਾ ਵਾਅਦਾ ਕੀਤਾ ਹੈ। ਸੂਬੇ ਵਿਚ 18 ਤੋਂ 35 ਸਾਲ ਤਕ ਦੀ ਉਮਰ ਵਾਲੇ ਹੀ ਕੋਈ 30 ਲੱਖ ਬੇਰੋਜ਼ਗਾਰ ਹਨ। ਜੇਕਰ ਉਨ੍ਹਾਂ ਨੂੰ ਹਰ ਮਹੀਨੇ ਇੰਨਾ ਬੇਰੋਜ਼ਗਾਰੀ ਭੱਤਾ ਦਿੱਤਾ ਜਾਵੇ ਤਾਂ ਪੂਰੇ ਸਾਲ ਦਾ 9000 ਕਰੋੜ ਰੁਪਏ ਬਣਦਾ ਹੈ। ਖ਼ਜ਼ਾਨੇ ਦੀ ਹਾਲਤ ਮੁਤਾਬਕ ਤਾਂ ਇਸ ਰਕਮ ਦਾ ਪ੍ਰਬੰਧ ਕਰਨਾ ਹੀ ਬਹੁਤ ਔਖਾ ਹੈ ਪਰ ਕਾਂਗਰਸ ਨੇ ਤਾਂ ਅਗਲੇ ਪੰਜ ਸਾਲਾਂ ਵਿਚ 25 ਲੱਖ ਨੌਕਰੀਆਂ ਦੇਣ ਦਾ ਵਾਅਦਾ ਵੀ ਕਰ ਰੱਖਿਆ ਹੈ। ਇੰਨੀਆਂ ਸਰਕਾਰੀ ਨੌਕਰੀਆਂ ਦੇਣੀਆਂ ਤਾਂ ਬਿਲਕੁਲ ਹੀ ਅਸੰਭਵ ਹਨ ਅਤੇ ਪ੍ਰਾਈਵੇਟ ਨੌਕਰੀਆਂ ਦੇਣ ਵਾਲੀਆਂ ਉਦਯੋਗਿਕ ਇਕਾਈਆਂ ਪਹਿਲਾਂ ਹੀ ਮੁਸ਼ਕਲ ਨਾਲ ਡੰਗ ਟਪਾ ਰਹੀਆਂ ਹਨ। 2007 ਤੋਂ 2014 ਤਕ ਕਰੀਬ 19 ਹਜ਼ਾਰ ਉਦਯੋਗਿਕ ਇਕਾਈਆਂ ਪੰਜਾਬ ਵਿਚ ਬੰਦ ਹੋ ਗਈਆਂ। ਇਸੇ ਤਰ੍ਹਾਂ ਫ਼ਸਲ ਬਰਬਾਦੀ ਦਾ 20 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ, ਢਾਈ ਲੱਖ ਟਰੈਕਟਰ, ਲੜਕੀਆਂ ਨੂੰ ਡਾਕਟਰੇਟ ਤਕ ਮੁਫ਼ਤ ਪੜ੍ਹਾਈ ਅਤੇ ਗ਼ਰੀਬਾਂ ਨੂੰ ਮੁਫ਼ਤ ਮਕਾਨ ਦੇਣ ਲਈ ਪੈਸਾ ਕਿੱਥੋਂ ਆਏਗਾ? ਅਜੇ ਤਾਂ ਸਮਾਰਟ ਫੋਨਾਂ ਦੇ ਸ਼ੌਕੀਨ ਵੀ ਮੁੱਖ ਮੰਤਰੀ ਦੇ ਮੂੰਹ ਵੱਲ ਵੇਖਦੇ ਹੋਣਗੇ।

ਪੰਜਾਬ ਦੀ ਕਿਸਾਨੀ ਸੂਬੇ ਦੀ ਆਰਥਿਕਤਾ ਦੀ ਰੀੜ੍ਹ ਹੈ। ਜੇਕਰ ਦੇਸ਼ ਉੱਤੇ ਆਈਆਂ ਹਰ ਤਰ੍ਹਾਂ ਦੀਆਂ ਮੁਸੀਬਤਾਂ ਵੇਲੇ ਪੰਜਾਬ, ਹਮੇਸ਼ਾ ਹੀ ਦੇਸ਼ ਦੀ ਖੜਗ ਭੁਜਾ ਬਣ ਕੇ ਖੜ੍ਹਾ ਰਿਹਾ ਹੈ ਤਾਂ ਇਸ ਦਾ ਕਾਰਨ ਇਹੀ ਰਿਹਾ ਹੈ ਕਿ ਇਥੋਂ ਦੇ ਬਾਸ਼ਿੰਦਿਆਂ ਨੂੰ ਰੋਟੀ ਦਾ ਕਦੇ ਵੀ ਬਹੁਤਾ ਫ਼ਿਕਰ ਨਹੀਂ ਰਿਹਾ। ਭੁੱਖੇ ਪੇਟ ਸੌਣ ਵਾਲੀਆਂ ਕਹਾਣੀਆਂ ਸਾਰੇ ਦੇਸ਼ ਵਿਚ ਮਿਲ ਜਾਣਗੀਆਂ ਪਰ ਪੰਜਾਬ ਵਿਚ ਇਸ ਤਰ੍ਹਾਂ ਦੀ ਨੌਬਤ ਬਹੁਤ ਘੱਟ ਆਈ ਹੈ ਕਿ ਇਥੇ ਰਹਿਣ ਵਾਲਿਆਂ ਨੂੰ ਕਦੇ ਰੋਟੀ ਵੀ ਨਾ ਜੁੜੀ ਹੋਵੇ। ਇਸ ਦਾ ਵੱਡਾ ਕਾਰਨ ਰਿਹਾ ਹੈ ਕਿ ਇਥੋਂ ਦੀ ਉਪਜਾਊ ਜ਼ਮੀਨ ਅਤੇ ਮਿਹਨਤੀ ਸੱਭਿਆਚਾਰ। ਅੱਜ ਹਾਲਤ ਇਹ ਪੰਜਾਬ ਦੇ ਕਿਸਾਨ-ਮਜ਼ਦੂਰ ਖ਼ੁਦਕੁਸ਼ੀਆਂ ਵਿਚ ਮੋਹਰੀ ਬਣਨ ਵੱਲ ਵਧ ਰਹੇ ਹਨ। ਇਹ ਕੋਈ ਕੁਦਰਤੀ ਕਹਿਰ ਨਹੀਂ ਬਲਕਿ ਪ੍ਰਬੰਧ ਦੀ ਨਾਲਾਇਕੀ ਹੈ।

ਪੰਜਾਬ ਨੂੰ ਕਰਜ਼ੇ ਦੇ ਜੂਲੇ ਹੇਠੋਂ ਕੱਢਣ ਲਈ ਕੈਪਟਨ ਸਰਕਾਰ ਮਾਲੀਏ ਵਿਚ ਸੁਧਾਰ ਕਰਕੇ ਟੈਕਸਾਂ ਦੀ ਚੋਰੀ ਨੂੰ ਰੋਕੇ ਅਤੇ ਮਾਫ਼ੀਆ ਰਾਜ ਨੂੰ ਨੱਥ ਪਾ ਕੇ ਸੂਬੇ ਦੇ ਜਨਤਕ ਸਾਧਨਾਂ ਦੀ ਲੁੱਟ ਘਟ-ਾਈ ਜਾਵੇ। ਪੰਜਾਬ ਕੋਲ ਆਰਥਿਕ ਵਸੀਲੇ ਕਾਫ਼ੀ ਚੰਗੇ ਹਨ। ਜੇਕਰ ਭ੍ਰਿਸ਼ਟਾਚਾਰ ਨੂੰ ਨੱਥ ਪੈ ਜਾਵੇ ਅਤੇ ਫ਼ਾਲਤੂ ਖ਼ਰਚਿਆਂ ਉੱਤੇ ਰੋਕ ਲੱਗ ਜਾਵੇ ਤਾਂ ਸਰਕਾਰ ਦੀ ਕਮਾਈ ਵਿਚ ਬਹੁਤ ਵਾਧਾ ਹੋ ਸਕਦਾ ਹੈ। ਜੇ ਰੇਤਾ-ਬੱਜਰੀ ਦੇ ਗ਼ੈਰਕਾਨੂੰਨੀ ਖਣਣ ਉੱਤੇ ਰੋਕ ਲਗਾ ਕੇ ਇਸ ਨੂੰ ਸੁਚਾਰੂ ਢੰਗ ਨਾਲ ਚਲਾ ਲਿਆ ਜਾਵੇ ਤਾਂ ਨਿੱਜੀ ਜੇਬਾਂ ਵਿਚ ਜਾਣ ਵਾਲਾ ਬਹੁਤ ਸਾਰਾ ਪੈਸਾ ਸਰਕਾਰੀ ਖ਼ਜ਼ਾਨੇ ਵਿਚ ਜਾ ਸਕਦਾ ਹੈ। ਨਕਲੀ ਸ਼ਰਾਬ ਦੀ ਵਿਕਰੀ ਨੂੰ ਨੱਥ ਪਾ ਕੇ ਪੂਰਾ ਠੇਕਾ-ਤੰਤਰ ਸੁਧਾਰ ਲਿਆ ਜਾਵੇ ਤਾਂ ਪਿਆਕੜਾਂ ਦੀ ਸਿਹਤ ਦੇ ਨਾਲ-ਨਾਲ ਖ਼ਜ਼ਾਨੇ ਦੀ ਸਿਹਤ ਵੀ ਬਣਾਈ ਜਾ ਸਕਦੀ ਹੈ।

ਕੈਪਟਨ ਅਮਰਿੰਦਰ ਸਿੰਘ ਜੇਕਰ ਇਮਾਨਦ-ਾਰੀ ਨਾਲ ਅਤੇ ਪੂਰੀ ਤਰ੍ਹਾਂ ਚੌਕੰਨੇ ਹੋ ਕੇ ਰਾਜ-ਭਾਗ ਚਲਾਉਣ ਤਾਂ ਪੰਜਾਬ ਦੀ ਕਾਇਆ-ਕਲਪ ਹੋ ਸਕਦੀ ਹੈ। ਭਾਵੇਂ ਕਿ ਉਨ੍ਹਾਂ ਆਪਣਾ ਸਹੁੰ-ਚੁੱਕ ਸਮਾਗਮ ਕਾਫ਼ੀ ਸਾਦ-ਮੁਰਾਦਾ ਜਿਹਾ ਰੱਖ ਕੇ ਇਹ ਸੰਕੇਤ ਦਿੱਤੇ ਹਨ ਕਿ ਉਹ ਫ਼ਾਲਤੂ ਖ਼ਰਚਿਆਂ ਪ੍ਰਤੀ ਪੂਰੀ ਤਰ੍ਹਾਂ ਸੁਚੇਤ ਹਨ। ਪਰ ਫਿਰ ਵੀ ਇਸ ਮਾਮਲੇ ਵਿਚ ਉਨ੍ਹਾਂ ਨੂੰ ਬਹੁਤ ਠੋਸ ਕਦਮ ਚੁੱਕਣ ਦੀ ਲੋੜ ਹੈ ਕਿਉਂਕਿ ਇਕ-ਦੋ ਤੰਦਾਂ ਉਲਝੀਆਂ ਹੋਣ ਤਾਂ ਇਨ੍ਹਾਂ ਨੂੰ ਸੁਲਝਾਉਣਾ ਸੌਖਾ ਹੁੰਦਾ ਹੈ ਪਰ ਇਥੇ ਤਾਂ ਤਾਣੀ ਹੀ ਪੂਰੀ ਤਰ੍ਹਾਂ ਉਲਝੀ ਪਈ ਹੈ। ਆਪਣੇ ਚੋਣ ਵਾਅਦਿ-ਆਂ ਨੂੰ ਪੂਰਾ ਕਰਨ ਅਤੇ ਪੰਜਾਬ ਨੂੰ ਪੈਰਾਂ-ਸਿਰ ਕਰਨ ਲਈ ਕੈਪਟਨ ਸਰਕਾਰ ਨੂੰ ਵਿਸ਼ੇਸ਼ ਨੀਤੀਆਂ ਬਣਾਉਣ ਦੀ ਅਜੋਕੇ ਸਮੇਂ ਵਿਚ ਬਹੁਤ ਲੋੜ ਹੈ।


### Notice to advertisers

Every effort will be made to meet the wishes of the advertiser; however the Publisher does not guarantee the insertion of any particular advertisement on a specified date, or insertion at all. Furthermore, the Publisher does not accept liability for any loss or damage caused by an error or inaccuracy in the printing of an advertisement beyond the amount paid for the space actually occupied by that portion of the advertisement in which the error occurred. All advertising is subject to the Publishers approval. The views and opinions expressed in advertisements published in this newspaper are not those of Sach Di Awaaz Newspaper Ltd. or any of its affiliates, employees, Directors or Board Members.


## ਪੰਜਾਬ ਚੋਣ ਤੋਂ ਪਿੱਛੋਂ ਕੈਪਟਨ ਅਤੇ ਯੂ.ਪੀ. ਦੀ ਸਰਕਾਰ




**ਪ੍ਰੋਫੈਸਰ: ਗੁਰਨਾਮ ਸਿੰਘ ਸੰਘੇੜਾ**

- ਵਿਜ਼ਟਿੰਗ ਪ੍ਰੋਫੈਸਰ ਸੈਂਟਰ ਔਨ ਸਟੱਡੀਜ਼ ਇਨ ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ


**''ਧੰਧੈ ਧਾਵਤ ਮਨੁ ਭਇਆ ਮਨੂਰਾ।। (ਸ.ਗ.ਗ.ਸ. ਪੰਨਾ : 1047)**

ਭਾਰਤ ਦੇ ਪੰਜ ਸੂਬਿਆਂ ਦੀਆਂ ਚੋਣਾਂ ਤੋਂ ਪਿੱਛੋਂ ਹਰ ਸੂਬੇ ਨੇ ਆਪਣੀਆਂ ਸਰਕਾਰਾਂ ਬਣਾ ਲਈਆਂ ਹਨ। ਪੰਜਾਬ ਵਿਚ ਕਾਂਗਰਸ ਦੀ ਸਰਕਾਰ ਬਣ ਚੁੱਕੀ ਹੈ ਅਤੇ ਲੋਕਾਂ ਨੂੰ ਬੜੀਆਂ ਆਸਾਂ ਹਨ ਕਿ ਉਹ ਪਿਛਲੇ 10 ਸਾਲ ਦੇ ਸੰਤਾਪ ਦੀ ਥਾਂ ਕੋਈ ਲੋਕ ਭਲਾਈ ਵਾਲੇ ਕੰਮ ਕਰੇਗੀ ਅਤੇ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰੇਗੀ। ਭਾਰਤ ਵਿਚ ਕਦੇ ਭੀ ਕਿਸੇ ਭੀ ਸਰਕਾਰ ਨੇ, ਭਾਵੇਂ ਉਹ ਕੇਂਦਰੀ ਹੋਵੇ ਤੇ ਭਾਵੇਂ ਸੂਬਾਈ, ਉਸ ਨੇ ਵਾਅਦੇ ਪੂਰੇ ਨਹੀਂ ਕੀਤੇ। ਸਿਰਫ ਨਾਅਰੇਬਾਜ਼ੀ ਅਤੇ ਗੱਲਾਂਬਾਤਾਂ ਰਾਹੀਂ ਹੀ ਲੋਕਾਂ ਨੂੰ ਸਭ ਕੁਝ ਦਿੱਤਾ ਹੈ ਪਰ ਅਮਲ ਵਿਚ ਕੋਈ ਖਾਸ ਠੋਸ ਗੱਲ ਨਹੀਂ। ਉਹ ਆਪਣੀ ਸੰਕੀਰਣ ਤੇ ਇਕ ਪਾਸੜ ਸੋਚ ਤੇ ਵਿਚਾਰਧਾਰਾ ਨੂੰ ਲੋਕਾਂ ਉਪਰ ਲੱਦ ਰਹੇ ਹਨ। ਭਾਵੇਂ ਆਮ ਸਿੱਧਰੇ ਜਾਂ ਛਾਣਨਵਾਦੀ ਭਾਵੇਂ ਅਤੀ ਫਿਰਕੂ ਸੋਚ ਵਿਚ ਫਸਦੇ ਹਨ ਪਰ ਮਨੁੱਖਤਾ ਨੂੰ ਰਾਹਤ ਦੇਣ ਵਾਲੇ, ਮਾਨਵਵਾਦੀ ਸੋਚ ਦੇ ਧਾਰਨੀ ਅਤੇ ਦੱਬੇ ਕੁਚਲਿਆਂ ਦੇ ਨਾਲ ਖੜ੍ਹਨ ਵਾਲੇ ਤਾਂ ਲੋਕ ਵਿਰੋਧੀ ਤੇ ਫਿਰਕੂਆਂ ਦੀ ਵੰਡ ਪਾਊ ਨੀਤੀਆਂ ਨੂੰ ਸਮਝਦੇ ਹਨ।

ਅੱਜ ਕੁਝ ਕੁ ਲੋਕ ਪੰਜਾਬ ਵਿਚ ਸਕਿਓਰਿਟੀ ਤੇ ਦਹਿਸ਼ਤਗਰਦੀ ਜਾਂ ਅੱਤਵਾਦੀ ਦੇ ਖਤਰਿਆਂ ਬਾਰੇ ਐਵੇਂ ਡਰਾਈ ਜਾਣਾ, ਇਕ ਝੂਠ ਦਾ ਪੁਲੰਦਾ ਹੈ, ਜੋ ਸਿਰਫ ਵਿਰੋਧੀ ਰਾਏ ਨੂੰ ਲਤਾੜਨ ਦਾ ਯਤਨ ਹੈ। ਅੱਗੇ ਤਾਂ ਲੋਕ ਹਿਤਾਂ ਨੂੰ ਭੰਡਣ ਲਈ ਨਾਸਤਕ ਤੇ ਕਮਿਊਨਿਸਟ ਆਖਦੇ ਸਨ, (ਪਰ ਹੁਣ ਨਾਅਰਾ ਖੁੰਢਾ ਹੋ ਗਿਆ ਅਤੇ ਲੋਕ ਮੰਨਦੇ ਨਹੀਂ), ਸੋ ਹੁਣ 'ਦੇਸ਼ ਵਿਰੋਧੀ', 'ਕੌਮ ਪ੍ਰਸਤੀ', 'ਦਹਿਸ਼ਤਗਰਦ' ਤੇ 'ਦੇਸ਼ ਦੀ ਸੁਰੱਖਿਆ ਲਈ ਖਤਰਾ' ਜਾਂ ਵਿਦੇਸ਼ੀ ਏਜੰਟ' ਆਦਿ ਦੇ ਸਵੈ ਘੜੇ ਲੇਬਲ ਥੋਪਦੇ ਹਨ, ਜਦੋਂਕ ਉਹ ਲੋਕ ਦੇਸ਼ ਵਿਰੋਧੀ ਨਹੀਂ ਅਤੇ ਨਾ ਹੀ ਵਿਦੇਸ਼ੀ ਏਜੰਟ ਆਦਿ ਹਨ। ਦੂਜਿਆਂ ਵਿਰੁੱਧ ਫਿਰਕੂ ਜ਼ਹਿਰ ਉਗਲਣ ਵਾਲੇ ਤੇ ਦੇਸ਼ ਦੀ ਏਕਤਾ ਨੂੰ ਭੰਗ ਕਰਨ ਦੀਆਂ ਹਰਕਤਾਂ ਵਾਲੇ ਤੇ ਲੋਕਾਂ ਨੂੰ ਕਈ ਅਜਿਹੇ ਲੇਬਲਾਂ ਨਾਲ ਵੰਡਣ ਵਾਲੇ ਖੁਦ ਦੇਸ਼ ਵਿਰੋਧੀ ਤੇ ਲੋਕ ਏਕਤਾ ਨੂੰ ਖੰਡ ਖੰਡ ਕਰਨ ਵਾਲੇ ਹਨ।

ਪੰਜਾਬ ਵਿਚ ਆਪ ਪਾਰਟੀ ਦੀਆਂ ਦੋ ਵਿਰੋਧੀ ਧਿਰਾਂ ਨੇ ਭੀ ਪੰਜਾਬ ਤੋਂ ਬਾਹਰ ਦੇ ਕੇਜਰੀਵਾਲ ਆਦਿ ਨੂੰ ਭੀ ਨਫਰਤ ਵਾਲੇ ਢੰਗ ਨਾਲ (ਜਾਂ ਦੂਜੇ ਪਣ) ਨਾਲ ਟੋਪੀਆਂ ਵਾਲੇ ਕਿਹਾ ਤੇ ਜੇ ਉਹ ਇਨ੍ਹਾਂ ਕੁਝ ਵਿਅਕਤੀਆਂ ਨੂੰ ਪੱਗ ਵਾਲੇ ਆਖਦੇ ਤਾਂ ਸਭ ਸਿੱਖਾਂ ਨੇ ਉਨ੍ਹਾਂ ਨੂੰ ਪੈਣਾ ਸੀ। ਸੋ ਇਨ੍ਹਾਂ ਲੋਕਾਂ ਦੀ ਸੌੜੀ ਸੋਚ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ। ਇਸ ਚੋਣ ਤੋਂ ਪਹਿਲਾਂ ਕਾਫੀ ਪਾਰਟੀ ਬਦਲੂਆਂ ਨੇ ਬੜੇ ਪਾਸੇ ਟਪੂਸੀਆਂ ਮਾਰੀਆਂ ਅਤੇ ਦੂਜੀ ਪਾਰਟੀ ਵਿਚ ਜਾ ਕੇ ਚੁਣ ਹੋਣ ਲਈ ਹੱਥ-ਪੈਰ ਮਾਰੇ ਤੇ ਕੁਝ ਇਕ ਜਿੱਤ ਗਏ। ਜਿਹੜੇ ਵਿਅਕਤੀ ਸਿਰਫ ਐੱਮ.ਐੱਲ. ਏ. ਆਦਿ ਬਣਨ ਲਈ ਹੀ ਟਪੂਸੀਆਂ ਮਾਰਦੇ ਹਨ, ਉਹ ਮੌਕਾਪ੍ਰਸਤ ਹਨ ਤੇ ਉਨ੍ਹਾਂ ਦੀ ਆਪਣੀ ਕੋਈ ਪੱਕੀ ਪਾਲਿਸੀ ਤੇ ਵਿਚਾਰਧਾਰਾ ਨਹੀਂ, ਤਾਂ ਫਿਰ ਉਹ ਲੋਕਾਂ ਦਾ ਕੀ ਸੁਆਰ ਸਕਦੇ ਹਨ। ਪਰ ਜੇ ਲੋਕ ਉਸ ਤਰ੍ਹਾਂ ਦੇ ਵਿਅਕਤੀਆਂ ਨੂੰ ਜਿਤਾਉਂਦੇ ਹਨ, ਤਾਂ ਇਸ ਦਾ ਭਾਵ ਹੈ ਕਿ ਵੋਟਰ ਭੀ ਅਕਲ ਦੇ ਕੱਚੇ, ਚੰਗੀ ਸੋਚ ਤੋਂ ਵਾਂਝੇ ਤੇ ਗੁਰੂ ਨਾਨਕ ਦੇ ਕਥਨ ਵਾਲੀ **''ਅੰਧੀ ਰਯਤਿ ਗਿਆਨ ਵਿਹੂਣੀ'' (ਸ.ਗ.ਗ.ਸ. 469) ਹੈ।**

ਚਲੋ ਹੁਣ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਬਣ ਗਈ ਹੈ ਅਤੇ ਉਸ ਦੀ ਸਰਕਾਰ ਤੇ ਲੋਕਾਂ ਨੂੰ ਬੜੀਆਂ ਆਸਾਂ ਹਨ। ਕੀ ਉਹ ਪੂਰੀਆਂ ਕਰੇਗੀ? ਉਨ੍ਹਾਂ ਨੇ ਕਿਹਾ ਸੀ ਕਿ ਉਹ ਸਮਾਰਟ ਫੋਨ ਦੇਣਗੇ, ਪਰ ਹਰ ਘਰ ਦੇ ਵਿਅਕਤੀ ਨੂੰ ਨੌਕਰੀ ਤੇ ਘੱਟੋ-ਘੱਟ ਪੰਜ ਲੱਖ ਨਵੀਆਂ ਪੈਦਾ ਕਰਨਗੇ, ਕਿਸਾਨਾਂ ਦੇ ਸਭ ਕਰਜ਼ੇ ਮੁਆਫ ਕਰਨਗੇ ਅਤੇ ਡਰੱਗ ਦੇ ਧੰਦੇ ਨੂੰ ਖਤਮ ਕਰਨਗੇ, ਪੰਜਾਬ ਵਿਚੋਂ ਗੁੰਡਾਗਰਦੀ ਆਦਿ ਦਾ ਖਾਤਮਾ ਹੋਵੇਗਾ ਆਦਿ। ਲੋਕਾਂ ਨੂੰ ਆਸਾਂ ਹਨ ਕਿ ਮਨਪ੍ਰੀਤ ਬਾਦਲ ਵਰਗੇ ਉਸ ਟੀਮ ਵਿਚ ਹਨ ਤੇ ਲੋਕਾਂ ਦੀਆਂ ਬੜੀਆਂ ਆਸਾਂ ਹਨ।

ਕੈਪਟਨ ਹੋਰਾਂ ਦੀ ਕੈਬਨਿਟ ਵਿਚ ਕਈ ਮਤੇ ਪਾਸ ਹੋਏ ਹਨ ਕਿ 'ਲਾਲ ਬੱਤੀ' ਕਲਚਰ ਖਤਮ-ਖਤਮ ਤੇ ਪੁਲਿਸ ਆਪਣਾ ਅਸਲ ਕੰਮ ਕਰੇ। ਕਿਸਾਨਾਂ ਦੇ ਕਰਜ਼ੇ ਮੁਆਫ ਕਰਨ ਬਾਰੇ ਕਮਿਸ਼ਨ ਜਾਂ ਕਮੇਟੀ ਸਭ ਗਿਣਤੀ-ਮਿਣਤੀ ਕਰਕੇ ਦੱਸੇ ਤੇ ਫਿਰ ਕਿਸਾਨੀ ਕਰਜ਼ੇ ਮੁਆਫ ਦੀ ਗੱਲ ਹੋਵੇਗੀ। ਪੰਜਾਬ ਵਿਚੋਂ ਦਸਤਕਾਰੀ ਤਾਂ ਅਕਾਲੀਆਂ ਨੇ ਭਜਾ ਦਿੱਤੀ ਤੇ ਹੁਣ ਕਾਂਗਰਸ ਵਾਪਸ ਲਿਆਵੇ ਤੇ ਫਿਰ ਹੀ ਨੌਕਰੀਆਂ ਦੀ ਗੱਲ ਹੋਵੇ। ਨਾਲ ਹੀ ਪੰਜਾਬ ਦੇ ਸਿਰ ਦੋ ਸੌ ਲੱਖ ਕਰੋੜ ਰੁਪਏ ਦਾ ਕਰਜ਼ਾ ਤਾਂ ਅਕਾਲੀਆਂ ਨੇ ਚੜ੍ਹਾਅ ਦਿੱਤਾ ਤੇ ਪੁਲਿਸ ਅਤੇ ਅਮਨ-ਕਾਨੂੰਨ ਦੀ ਗੱਲ ਹੀ ਖਤਮ ਸੀ, ਕਿਉਂਕਿ ਉਨ੍ਹਾਂ ਦੇ ਹਲਕਾ ਇੰਚਾਰਜ ਹੀ ਪੁਲਿਸ ਨੂੰ ਦੱਸਦੇ ਸਨ ਕਿ ਕੇਸ 'ਤੇ ਕਿਹੜਾ ਕੇਸ ਦਰਜ ਕਰਨਾ ਹੈ, ਇਹ ਭੀ ਕੈਪਟਨ ਸਰਕਾਰ ਨੇ ਖਤਮ ਕਰ ਦਿੱਤਾ। ਸੋ ਕਦਮ ਤਾਂ ਚੰਗੇ ਪਾਸੇ ਨੂੰ ਲੱਗਦਾ ਹੈ ਪਰ ਇਹ ਸਮਾਂ ਦੱਸਗੇ ਕਿ ਕਿੰਨਾ ਕੁ ਲਾਗੂ ਹੁੰਦਾ ਹੈ ਤੇ ਕੀ ਕੈਪਟਨ ਸਰਕਾਰ ਇਹ ਭੀ ਪਤਾ ਕਰੇਗੀ ਕਿ ਇੰਨਾ ਅਥਾਹ ਕਰਜ਼ਾ ਕਿਵੇਂ ਚੜ੍ਹਿਆ ਤੇ ਉਹ ਕਿੱਥੇ ਗਿਆ? ਪੰਜ ਸੌ ਗੁੰਡਾ ਕਿਹੜਾ ਸੀ/ਹੈ ਅਤੇ ਡਰੱਗ ਦੇ ਪਿੱਛੇ ਕੌਣ ਹੈ, ਸਰਕਾਰੀ ਖਾਤੇ ਵਾਲੇ ਝੋਨੇ ਦੇ ਆਲੋਪ ਹੋਣ ਤੇ ਉਸ ਦੇ ਕਥਿਤ ਤੀਹ ਲੱਖ ਕਰੋੜ ਰੁਪਏ ਦਾ ਖਾਤਾ ਕਿੱਥੇ ਗਿਆ ਤੇ ਕਿਵੇਂ ਅਤੇ ਬਾਕੀ ਸਭ ਚੀਜ਼ਾਂ ਬਾਰੇ ਵਿਸਥਾਰਪੂਰਵਕ ਰਿਪੋਰਟ ਆਵੇ। ਮਨਪ੍ਰੀਤ ਸਿੰਘ ਬਾਦਲ ਨੇ ਲਾਲ ਬੱਤੀ ਕਲਚਰ ਦੇ ਖਾਤਮੇ ਅਤੇ ਵਾਈਟ ਪੇਪਰ ਦੇ ਬਾਰੇ ਚੰਗੀਆਂ ਗੱਲਾਂ ਕਹੀਆਂ ਹਨ।

ਪਰ ਕੈਪਟਨ ਸਾਹਿਬ ਦੀ ਕੈਬਨਿਟ ਦੇ ਦੋ ਮੰਤਰੀਆਂ ਨੇ ਬਿਆਨ ਭੀ ਦੇ ਦਿੱਤੇ ਕਿ ਉਹ ਲਾਲ ਬੱਤੀ ਲਾਉਣਗੇ, ਉਨ੍ਹਾਂ ਦੀ ਜਵਾਬ ਤਲਬੀ ਚਾਹੀਦੀ ਹੈ। ਇਕ ਮੰਤਰੀ ਜੋ ਠੱਠੇ ਮਖੌਲ ਤੇ ਤਾੜੀਆਂ ਮਾਰਨ ਵਾਲਾ ਹੀ ਹੈ (ਉਸ ਦੇ ਅਸਲੀ ਬਿਆਨ ਤੇ ਸਿਰਜਣਾਤਮਿਕਤਾ ਦਾ ਤਾਂ ਹੁਣ ਅਮਲੀ ਕੰਮਾਂ ਤੋਂ ਪਤਾ ਚੱਲੇਗਾ) ਉਹ ਇਹ ਭੀ ਆਖਦਾ ਹੈ ਕਿ ਉਹ ਦਿਨ ਨੂੰ ਕੈਬਨਿਟ ਮੰਤਰੀ ਦਾ ਕੰਮ ਕਰੇਗਾ ਤੇ ਰਾਤ ਨੂੰ ਆਪਣਾ ਟੀ.ਵੀ. ਪ੍ਰੋਗਰਾਮ ਕਰੇਗਾ। ਇਹ ਕਿਵੇਂ ਹੋ ਸਕਦਾ ਹੈ? ਕੈਬਨਿਟ ਮੰਤਰੀ ਦਾ ਕੰਮ ਤਾਂ 24 ਘੰਟੇ ਤੋਂ ਭੀ ਵੱਧ ਵਾਲਾ ਕੰਮ ਹੈ। ਦੂਜੇ ਇਹ ਕੰਮ ਹੀ ਆਪਣੇ ਮੰਤਰੀ ਪੁਣੇ ਦੀ ਜ਼ਿੰਮੇਵਾਰੀ ਨਾਲ ਟਕਰਾਉਂਦਾ ਹੈ। ਕੀ ਇਹ 'ਕਨਫਲਿਕਟ ਔਫ ਇੰਟਰਸਟ' (ਹਿੱਤਾਂ ਤੇ ਕੰਮ ਵਿਰੋਧੀ) ਨਹੀਂ ਹੈ?

ਕਈ ਵਿਅਕਤੀਆਂ ਨੇ ਇਹ ਭੀ ਕਿਹਾ ਹੈ ਕਿ ਕੈਪਟਨ ਸਾਹਿਬ ਦਾ ਇਹ ਬਿਆਨ ਕਿ ਉਹ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਚੰਡੀਗੜ੍ਹ ਵਿਖੇ ਸਰਕਾਰੀ ਖਰਚੇ ਉਪਰ ਉਨ੍ਹਾਂ ਦੀ ਮਨ ਚਾਹਤ ਕੋਠੀ ਦੇਣ ਨੂੰ ਤਿਆਰ ਹਨ, ਕਿਉਂ? ਅਜੇ ਤੱਕ ਕਦੇ ਇਹ ਨਹੀਂ ਹੋਇਆ ਕਿ ਕਿਸੇ ਪਹਿਲੇ ਬਜ਼ੁਰਗ ਚੀਫ ਮਨਿਸਟਰ ਨੂੰ ਅਜਿਹੀ ਸਹੂਲਤ ਦਿੱਤੀ ਗਈ ਹੋਵੇ। ਦੂਜੇ ਇਹ ਕਦਮ ਕਿਹੜੀ ਜਮਹੂ-ਰੀਅਤ ਦਾ ਹਿੱਸਾ ਹੈ? ਕੀ ਉਹ ਗਰੀਬ ਹਨ? ਲੋਕਾਂ ਨੇ ਤਾਂ ਉਨ੍ਹਾਂ ਦੀ ਸਰਕਾਰ ਤੋਂ ਮਸੀਂ ਖਹਿੜਾ ਛੁਡਾਇਆ ਅਤੇ ਕਾਫੀ ਲੋਕਾਂ ਦੀ ਚਰਚਾ ਹੈ ਕਿ ਇਸ ਪੇਸ਼ਕਸ਼ ਤੋਂ ਪ੍ਰਗਟ ਹੈ ਕਿ ਅਕਾਲੀਆਂ ਨੇ ਕਾਂਗਰਸ ਦੀ ਜਿੱਤ ਵਿਚ ਇਵੇਂ ਹਿੱਸਾ ਪਾਇਆ ਕਿ ਜਿੱਥੇ ਅਕਾਲੀ ਜਿੱਤ ਨਹੀਂ ਸਕਦੇ, ਉਥੇ ਉਹ ਕਾਂਗਰਸ ਨੂੰ ਵੋਟ ਪਾਉਣ, ਨਹੀਂ ਤਾਂ 'ਆਪ' ਵਾਲੇ ਜਿੱਤ ਜਾਣਗੇ ਤੇ ਅਕਾਲੀਆਂ ਦੀ ਸ਼ਾਮਤ ਆ ਜਾਵੇਗੀ, ਕੀ ਇਹ ਗੱਲਾਂ ਠੀਕ ਹਨ?

ਸ. ਬਿਕਰਮ ਸਿੰਘ ਮਜੀਠੀਆ ਨੇ ਬਿਆਨ ਦਿੱਤਾ ਹੈ ਕਿ ਕੈਪਟਨ ਹੋਰੀਂ ਇਹ ਖਿਆਲ ਰੱਖਣ ਕਿ ਪੰਜਾਬ ਵਿਚ ਅਮਨ-ਅਮਾਨ ਰਹੇ ਤੇ ਹਿੰਸਾ ਨਾ ਹੋਵੇ। ਸ. ਮਜੀਠੀਆ ਜੀ ਆਪਣੀ ਰਹਿ ਚੁੱਕੀ ਸਰਕਾਰ ਦੀ ਅਮਨ-ਕਾਨੂੰਨ, ਪੰਜਾਬ ਵਿਚ ਕਥਿਤ ਪੰਜ ਸੌ ਗੁੰਡਾ ਲੋਕਾਂ ਦੀ ਹੁਲੜਬ-ਾਜ਼ੀ ਤੇ ਹਿੰਸਾ ਅਤੇ ਪੰਜਾਬ ਦਾ ਡਰੱਗ ਵਿਚ ਬੁਰੀ ਤਰ੍ਹਾਂ ਗ੍ਰਸਤ ਹੋਣ ਅਤੇ ਰੇਤ ਤੇ ਬੱਜਰੀ ਆਦਿ ਮਾਫੀਆ ਬਾਰੇ ਚਰਚਾ ਬਾਰੇ ਕੀ ਆਖਣਗੇ? ਸਿਰਫ ਇਹ ਹੀ ਕਿ ਇਹ ਗੱਲਾਂ ਸਹੀ ਨਹੀਂ। ਪਰ ਜਿੱਥੇ ਧੂੰਆਂ ਨਿਕਲਦਾ ਹੈ, ਉਥੇ ਅੱਗ ਭੀ ਹੁੰਦੀ ਹੈ। ਲੋਕਾਂ ਦੀ ਆਵਾਜ਼ ਨੂੰ ਪ੍ਰਮਾਤਮਾ ਦੀ ਆਵਾਜ਼ ਕਿਹਾ ਜਾਂਦਾ ਹੈ।

ਲੋਕਾਂ ਨੂੰ ਆਪ ਭੀ ਜਾਗਰੂਕ ਤੇ ਚੰਗੀ ਤਰ੍ਹਾਂ ਸੂਝਵਾਨ ਹੋ ਕੇ ਖਰੇ-ਖੋਟੇ ਦੀ ਪਛਾਣ ਕਰਨੀ ਚਾਹੀਦੀ ਹੈ ਅਤੇ ਆਪਣੇ ਬੁਨਿਆਦੀ ਹਿੱਤਾਂ ਦੀ ਰਾਖੀ ਲਈ ਚੰਗੀ ਤਰ੍ਹਾਂ ਜਥੇਬੰਦ ਹੋਣ ਤੇ ਆਪਣੀ ਕਿਸਮਤ ਦੇ ਆਪ ਘਾੜੇ ਬਣਨਾ ਹੋਵੇਗਾ।

**'ਮਾਣਸ ਖਾਣੇ ਕਰਹਿ ਨਿਵਾਜ।।'' (ਸ.ਗ.ਗ.ਸ. - ਪੰਨਾ : 471)** ਤੋਂ ਸਾਵਧਾਨ ਹੋਣ ਤੇ ਉਨ੍ਹਾਂ ਤੋਂ ਆਪਣੀ ਕਲਿਆਣ ਪ੍ਰਾਪਤੀ ਲਈ ਚੰਗੇ ਮਾਣਸ ਬਣਨ ਦੀ ਲੋੜ ਹੈ ਤਾਂ ਕਿ ਮਾਣਸ ਜਨਮ ਵੱਡਮੁੱਲਾ ਹੈ ਤੇ ਚੰਗੇ ਕੰਮ ਕਰੋ।

**''ਮਾਣਸ ਜਨਮੁ ਪੁੰਨਿ ਕਰਿ ਪਾਇਆ।।'' (ਸ.ਗ.ਗ.ਸ. - ਪੰਨਾ : 493)**

# ਕੈਪਟਨ ਵਜ਼ਾਰਤ ਵਲੋਂ ਪਹਿਲੀ ਮੀਟਿੰਗ 'ਚ ਫ਼ੈਸਲਿਆਂ ਦਾ ਸੈਂਕੜਾ

- ਲੋਕਪਾਲ ਬਣੇਗਾ ਮਜ਼ਬੂਤ; ਡੀ.ਟੀ.ਓ. ਦਫ਼ਤਰ ਹੋਣਗੇ ਬੰਦ
- ਨੀਂਹ ਪੱਥਰਾਂ 'ਤੇ ਨਹੀਂ ਲਿਖੇ ਜਾਣਗੇ ਮੰਤਰੀਆਂ ਦੇ ਨਾਂ
- ਡਰੱਗ ਮਾਫ਼ੀਆ ਦੇ ਖ਼ਾਤਮੇ ਲਈ ਬਣੇਗੀ ਟਾਸਕ ਫੋਰਸ ਤੇ ਨਵਾਂ ਕਾਨੂੰਨ



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ਨਿਚਰਵਾਰ ਨੂੰ ਚੰਡੀਗੜ੍ਹ ਵਿਚ ਪੰਜਾਬ ਕੈਬਨਿਟ ਦੀ ਪਲੇਠੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ।

ਚੰਡੀਗੜ੍ਹ, (ਸ.ਦ.ਅ.)-ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਨੇ ਐਤਵਾਰ ਨੂੰ ਆਪਣੀ ਪਹਿਲੀ ਕੈਬਨਿਟ ਮੀਟਿੰਗ ਦੌਰਾਨ ਲਾਲ ਬੱਤੀ ਕਲਚਰ ਖਤਮ ਕਰਨ, ਕਿਸਾਨਾਂ ਦੇ ਕਰਜ਼ਿਆਂ ਦਾ ਨਿਬੇੜਾ ਕਰਨ ਲਈ ਵਜ਼ਾਰਤ ਦੀ ਸਬ-ਕਮੇਟੀ ਬਣਾਉਣ, ਹਰ ਤਰ੍ਹਾਂ ਦੇ ਮਾਫੀਆ ਨੂੰ ਨੇਸਤੋ-ਨਾਬੂਦ ਕਰਨ ਲਈ ਟਾਸਕ ਫੋਰਸ ਕਾਇਮ ਕਰਨ, ਸ਼ਕਤੀਸ਼ਾਲੀ ਲੋਕਪਾਲ ਬਣਾਉਣ, ਡੀ.ਟੀ.ਓ. ਦੇ ਦਫਤਰ ਖਤਮ ਕਰਨ ਸਮੇਤ 100 ਤੋਂ ਵੱਧ ਅਹਿਮ ਫੈਸਲੇ ਕੀਤੇ ਹਨ। ਇਨ੍ਹਾਂ ਫੈਸਲਿਆਂ ਨਾਲ ਸੂਬੇ ਦੀ ਨੁਹਾਰ ਤੇ ਫ਼ਿਜ਼ਾ ਬਦਲਣ ਵਿਚ ਮਦਦ ਮਿਲੇਗੀ।

ਵਜ਼ਾਰਤ ਦੀ ਤਿੰਨ ਘੰਟਿਆਂ ਤੋਂ ਵੱਧ ਸਮੇਂ ਤੱਕ ਚਲੀ ਇਸ ਮੀਟਿੰਗ ਵਿਚ ਫੈਸਲਾ ਕੀਤਾ ਗਿਆ ਕਿ ਮੁੱਖ ਮੰਤਰੀ, ਮੰਤਰੀ ਅਤੇ ਸੂਬੇ ਦੇ ਅਧਿਕਾਰੀ ਹੁਣ ਲਾਲ ਬੱਤੀ ਦੀ ਵਰਤੋਂ ਨਹੀਂ ਕਰ ਸਕਣਗੇ। ਮੰਤਰੀਆਂ ਤੇ ਅਧਿਕਾਰੀਆਂ ਦੀਆਂ ਗੱਡੀਆਂ ਬੱਤੀ ਤੋਂ ਬਿਨਾਂ ਹੀ ਦੌੜਨਗੀਆਂ। ਵਿਧਾਇਕ ਤੋਂ ਲੈ ਕੇ ਮੁੱਖ ਮੰਤਰੀ ਤੱਕ ਵੱਲੋਂ ਰੱਖੇ ਨੀਂਹ ਪੱਥਰਾਂ 'ਤੇ ਉਨ੍ਹਾਂ ਦਾ ਨਾਂ ਨਹੀਂ ਲਿਖਿਆ ਜਾਵੇਗਾ ਤੇ 100 ਤੋਂ 500 ਕਰੋੜ ਰੁਪਏ ਦੇ ਪ੍ਰਾਜੈਕਟਾਂ 'ਤੇ 'ਕਰਦਾਤਿਆਂ ਦੇ ਪੈਸੇ ਰਾਹੀਂ ਤਿਆਰ' ਲਿਖਿਆ ਜਾਵੇਗਾ। ਸਰਕਾਰ ਸੂਬੇ ਵਿਚ ਮਜ਼ਬੂਤ ਲੋਕਪਾਲ ਬਣਾਉਣ ਲਈ ਨਵਾਂ ਲੋਕਪਾਲ ਬਿਲ ਲਿਆਵੇਗੀ ਜਿਸ ਦੇ ਘੇਰੇ ਵਿਚ ਮੁੱਖ ਮੰਤਰੀ ਤੇ ਮੰਤਰੀ ਵੀ ਆਉਣਗੇ। ਮੁੱਖ ਮੰਤਰੀ, ਸਾਰੇ ਮੰਤਰੀ ਤੇ ਵਿਧਾਇਕ ਸਾਲ ਦੇ ਪਹਿਲੇ ਦਿਨ ਭਾਵ ਪਹਿਲੀ ਜਨਵਰੀ ਨੂੰ ਆਪਣੀਆਂ ਜਾਇਦਾਦਾਂ ਦੀ ਜਾਣਕਾਰੀ ਵਿਧਾਨ ਸਭਾ ਵਿਚ ਦੇਣਗੇ। ਕਿਸਾਨਾਂ ਲਈ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਦੀ ਸਹੂਲਤ ਵੀ ਜਾਰੀ ਰੱਖਣ ਦਾ ਫ਼ੈਸਲਾ ਲਿਆ ਗਿਆ ਹੈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਕਿਸਾਨਾਂ ਦੇ ਕਰਜ਼ੇ ਦੀ ਜਾਣਕਾਰੀ ਲੈਣ ਲਈ ਵਜ਼ੀਰਾਂ ਦੀ ਇਕ ਸਬ-ਕਮੇਟੀ ਬਣਾਈ ਜਾਵੇਗੀ ਜਿਹੜੀ 60 ਦਿਨਾਂ ਵਿਚ ਆਪਣੀ ਰਿਪੋਰਟ ਦੇਵੇਗੀ, ਜਿਸ ਪਿੱਛੋਂ ਕਰਜ਼ਾ ਮੁਆਫ ਕਰਨ ਲਈ ਕਾਰਵਾਈ ਕੀਤੀ ਜਾਵੇਗੀ। ਕਰਜ਼ੇ ਕਾਰਨ ਕਿਸੇ ਕਿਸਾਨ ਦੀ ਜ਼ਮੀਨ ਨਿਲਾਮ ਨਹੀਂ ਕੀਤੀ ਜਾ ਸਕੇਗੀ।

ਵਜ਼ਾਰਤ ਨੇ ਪਿਛਲੀ ਅਕਾਲੀ ਸਰਕਾਰ ਵਲੋਂ ਹਲਕਾ ਇੰਚਾਰਜ ਲਾਉਣ ਦੀ ਪ੍ਰਣਾਲੀ ਖਤਮ ਕਰ ਦਿਤੀ ਹੈ ਅਤੇ ਇਸ ਤੋਂ ਪਹਿਲਾ ਸਿਸਟਮ ਬਹਾਲ ਕਰ ਦਿਤਾ ਹੈ। ਪੁਲਿਸ ਮੁਲਾਜ਼ਮਾਂ ਦੀ ਡਿਊਟੀ ਤੈਅ ਕੀਤੀ ਜਾਵੇਗੀ ਤੇ ਪੁਲਿਸ ਵਿਚ ਯੂ.ਪੀ. ਦੇ ਸਾਬਕਾ ਪੁਲਿਸ ਮੁਖੀ ਪ੍ਰਕਾਸ਼ ਸਿੰਘ ਦੀ ਰਿਪੋਰਟ ਦੇ ਆਧਾਰ 'ਤੇ ਸੁਧਾਰ ਕੀਤੇ ਜਾਣਗੇ। ਸੂਬੇ ਵਿਚੋਂ ਨਸ਼ਾ ਮਾਫੀਏ ਦਾ ਤੰਦੂਆ ਜਾਲ ਤੋੜਨ ਲਈ ਟਾਸਕ ਫੋਰਸ ਬਣਾ ਦਿਤੀ ਗਈ ਹੈ, ਜਿਸ ਦਾ ਇੰਚਾਰਜ ਸੀਨੀਅਰ ਆਈ.ਪੀ.ਐੱਸ. ਅਧਿਕਾਰੀ ਹਰਪ੍ਰੀਤ ਸਿੰਘ ਸਿੱਧੂ ਨੂੰ ਲਾਇਆ ਗਿਆ ਹੈ। ਉਹ ਇਸ ਵੇਲੇ ਕੇਂਦਰ ਵਿਚ ਡੈਪੂਟੇਸ਼ਨ 'ਤੇ ਹਨ ਤੇ ਛੱਤੀਸਗੜ੍ਹ ਦੇ ਮਾਓਵਾਦੀ ਹਿੰਸਾ ਪ੍ਰਭਾਵਿਤ ਇਲਾਕੇ ਵਿਚ ਅਪਰੇਸ਼ਨਾਂ ਦੀ ਅਗਵਾਈ ਕਰ ਰਹੇ ਹਨ। ਰਾਜ ਸਰਕਾਰ ਨੇ ਉਨ੍ਹਾਂ ਨੂੰ ਵਾਪਸ ਭੇਜਣ ਲਈ ਕੇਂਦਰ ਨੂੰ ਲਿਖ ਦਿਤਾ ਹੈ। ਕੇਸਾਂ ਦੇ ਛੇਤੀ ਨਿਬੇੜੇ ਖਾਤਰ 'ਡਰੱਗ ਡੀਲਰ ਪ੍ਰਾਪਰਟੀ ਐਕਟ' ਬਣਾਇਆ ਜਾਵੇਗਾ।

ਵਜ਼ਾਰਤ ਨੇ ਡੀ.ਟੀ.ਓ. ਦਫਤਰ ਖਤਮ ਕਰਨ ਦਾ ਫੈਸਲਾ ਕਰਦਿਆਂ, ਇਨ੍ਹਾਂ ਅਧਿਕਾਰੀਆਂ ਕੋਲੋਂ ਹੋਰ ਕੰਮ ਲੈਣ ਦਾ ਫੈਸਲਾ ਕੀਤਾ ਹੈ। ਡੀ.ਟੀ.ਓ. ਦਾ ਕੰਮਕਾਜ ਐੱਸ.ਡੀ.ਐੱਮ. ਦੇਖਣਗੇ। ਉਨ੍ਹਾਂ ਕਿਹਾ ਕਿ ਬਹੁਤ ਛੇਤੀ ਨਵੀਂ ਟਰਾਂਸਪੋਰਟ ਨੀਤੀ ਲਿਆਂਦੀ ਜਾਵੇਗੀ, ਜਿਸ ਵਿਚ ਇਕ ਕੰਪਨੀ ਦੀ ਅਜਾਰੇਦਾਰੀ ਖਤਮ ਕਰਦਿਆਂ ਮਿੰਨੀ ਬੱਸ ਅਪਰੇਟਰਾਂ ਨੂੰ ਤਰਜੀਹ ਦਿਤੀ ਜਾਵੇਗੀ। ਸੂਬੇ ਵਿਚ ਕੁਝ ਵੱਡੇ ਪਰਿਵਾਰਾਂ ਵੱਲੋਂ ਟਰਾਂਸਪੋਰਟ 'ਤੇ ਕੀਤੇ ਕਬਜ਼ੇ ਨੂੰ ਖਤਮ ਕੀਤਾ ਜਾਵੇਗਾ।

## ਨਵਜੋਤ ਸਿੱਧੂ ਨੇ ਬਚਾਏ ਇੰਪਰੂਵਮੈਂਟ ਟਰੱਸਟ

ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਦੇ ਦਖ਼ਲ ਨਾਲ ਸੂਬੇ ਵਿਚਲੇ ਇੰਪਰੂਵਮੈਂਟ ਟਰੱਸਟਾਂ ਦਾ ਵਜੂਦ ਖ਼ਤਮ ਹੋਣ ਤੋਂ ਬਚ ਗਿਆ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਚੋਣ ਮੈਨੀਫੈਸਟੋ ਵਿਚ ਇੰਪਰੂਵਮੈਂਟ ਟਰੱਸਟ ਖ਼ਤਮ ਕਰਨ ਦੇ ਕੀਤੇ ਵਾਅਦੇ ਨੂੰ ਪੁਗਾਉਣਾ ਚਾਹੁੰਦੇ ਸੀ, ਪਰ ਸ੍ਰੀ ਸਿੱਧੂ ਨੇ ਦਖ਼ਲ ਦਿੰਦਿਆਂ ਕਿਹਾ ਕਿ ਟਰੱਸਟ ਭੰਗ ਕਰਨੇ ਇੰਨਾ ਸੌਖਾ ਕੰਮ ਨਹੀਂ ਹੈ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨੇ ਕਿਹਾ ਕਿ ਸ਼ਹਿਰਾਂ ਦਾ ਮਾੜਾ ਮੋਟਾ ਵਿਕਾਸ ਟਰੱਸਟਾਂ ਦੇ ਸਹਾਰੇ ਹੁੰਦਾ ਹੈ ਕਿਉਂਕਿ ਮਿਊਂਸੀਪਲ ਕਮੇਟੀਆਂ ਦੇ ਪੱਲੇ ਸਰਕਾਰ ਕੁਝ ਨਹੀਂ ਪਾਉਂਦੀ। ਮੰਤਰੀ ਦੇ ਦਖ਼ਲ ਤੋਂ ਬਾਅਦ ਟਰੱਸਟ ਖ਼ਤਮ ਕਰਨ ਦੀ ਮੁੱਦੇ 'ਤੇ ਕੋਈ ਫ਼ੈਸਲਾ ਨਹੀਂ ਹੋ ਸਕਿਆ। ਸ੍ਰੀ ਸਿੱਧੂ ਦੇ ਦਖ਼ਲ ਤੋਂ ਬਾਅਦ ਮੰਤਰੀ ਮੰਡਲ ਵਿਚ ਹੁਣ ਇਹ ਸਹਿਮਤੀ ਬਣੀ ਹੈ ਕਿ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਇੰਪਰੂਵਮੈਂਟ ਟਰੱਸਟਾਂ ਸਬੰਧੀ ਰਿਪੋਰਟ ਅਗਲੀ ਮੀਟਿੰਗ ਦੌਰਾਨ ਦਿੱਤੀ ਜਾਵੇਗੀ। ਰਿਪੋਰਟ ਨੂੰ ਘੋਖਣ ਤੋਂ ਬਾਅਦ ਹੀ ਕੋਈ ਫੈਸਲਾ ਲਿਆ ਜਾਵੇਗਾ। ਮਹੱਤਵਪੂਰਨ ਤੱਥ ਇਹ ਹੈ ਕਿ ਇੰਪਰੂਵਮੈਂਟ ਟਰੱਸਟ ਸਥਾਨਕ ਸਰਕਾਰਾਂ ਵਿਭਾਗ ਅਧੀਨ ਆਉਂਦੇ ਹਨ ਤੇ ਇਸ ਸਬੰਧੀ ਸ੍ਰੀ ਸਿੱਧੂ ਨੂੰ ਕੋਈ ਇਲਮ ਨਹੀਂ ਸੀ। ਮੀਟਿੰਗ ਦੌਰਾਨ ਮੰਤਰੀ ਨੇ ਪ੍ਰਾਈਵੇਟ ਟਰਾਂਸਪੋਰਟ ਕੰਪਨੀਆਂ ਨੂੰ ਦਿੱਤੇ ਗਏ ਬੱਸ ਪਰਮਿਟਾਂ ਦੀ ਸਮੀਖਿਆ ਕਰਨ ਦਾ ਗੱਲ ਵੀ ਰੱਖੀ। ਉਨ੍ਹਾਂ ਕਿਹਾ ਕਿ ਸਰਕਾਰੀ ਕੰਟਰੋਲ ਹੇਠਲੀਆਂ ਟਰਾਂਸਪੋਰਟ ਕੰਪਨੀਆਂ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ (ਪੀ.ਆਰ.ਟੀ.ਸੀ.) ਅਤੇ ਪੰਜਾਬ ਰੋਡਵੇਜ਼ ਨੂੰ ਮਜ਼ਬੂਤ ਕਰਨ ਦੀ ਜ਼ਰੂਰਤ ਹੈ। ਇਸ ਮੁੱਦੇ 'ਤੇ ਕਈ ਹੋਰਨਾਂ ਮੰਤਰੀਆਂ ਨੇ ਵੀ ਨਵਜੋਤ ਸਿੱਧੂ ਦੀ ਹਮਾਇਤ ਕੀਤੀ। ਜ਼ਿਕਰਯੋਗ ਹੈ ਬਾਦਲ ਪਰਿਵਾਰ ਦੀਆਂ ਟਰਾਂਸਪੋਰਟ ਕੰਪਨੀਆਂ ਦੀਆਂ ਬੱਸਾਂ ਦੇ ਮਾਮਲੇ ਨੂੰ ਸਿਆਸੀ ਪਾਰਟੀਆਂ ਵੱਲੋਂ ਵੱਡੇ ਮੁੱਦੇ ਵਜੋਂ ਉਭਾਰਿਆ ਜਾ ਰਿਹਾ ਹੈ। ਟਰਾਂਸਪੋਰਟ ਵਿਭਾਗ, ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਫਿਲਹਾਲ ਆਪਣੇ ਕੋਲ ਹੀ ਰੱਖਿਆ ਹੋਇਆ ਹੈ।

# ਪੰਜਾਬ ਦੀ ਵਿੱਤੀ ਹਾਲਤ ਬਾਰੇ ਵ੍ਹਾਈਟ ਪੇਪਰ ਲਿਆਵਾਂਗੇ : ਮਨਪ੍ਰੀਤ ਬਾਦਲ



* ਰਾਜ ਸਿਰ ਤਕਰੀਬਨ ਦੋ ਲੱਖ ਕਰੋੜ ਰੁਪਏ ਕਰਜ਼ਾ ਹੋਣ ਦਾ ਦਾਅਵਾ

ਚੰਡੀਗੜ੍ਹ, (ਸ.ਦ.ਅ.)-ਪੰਜਾਬ ਸਿਰ ਕਰਜ਼ੇ ਦਾ ਬੋਝ ਵੱਧ ਕੇ ਦੋ ਲੱਖ ਕਰੋੜ ਰੁਪਏ ਹੋ ਗਿਆ ਹੈ। ਲੋਕਾਂ ਨੂੰ ਸੂਬੇ ਦੀ ਖਸਤਾ ਮਾਲੀ ਹਾਲਤ ਤੋਂ ਜਾਣੂ ਕਰਾਉਣ ਲਈ ਸਰਕਾਰ ਵ੍ਹਾਈਟ ਪੇਪਰ ਲਿਆਵੇਗੀ ਅਤੇ ਪੰਜਾਬ ਦੀ ਆਰਥਿਕ ਹਾਲਤ ਸੁਧਾਰਨ ਲਈ ਕਦਮ ਚੁੱਕੇ ਜਾਣਗੇ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਅੱਜ ਦੱਸਿਆ ਕਿ ਅਨਾਜ ਦੀ ਖਰੀਦ ਵਿਚ ਹੋਈਆਂ ਬੇਨਿਯਮੀਆਂ ਕਾਰਨ ਸੂਬੇ ਸਿਰ 31,000 ਕਰੋੜ ਰੁਪਏ ਦਾ ਕਰਜ਼ਾ ਚੜ੍ਹਿਆ ਹੈ। ਪਾਵਰਕੌਮ ਦਾ 20 ਹਜ਼ਾਰ ਕਰੋੜ ਰੁਪਏ ਕਰਜ਼ਾ ਹੈ। ਮੰਡੀ ਬੋਰਡ ਤੇ ਪੀ.ਆਈ.ਡੀ.ਬੀ. ਦਾ 300 ਤੋਂ 400 ਕਰੋੜ ਦਾ ਕਰਜ਼ਾ ਹੈ। ਸੂਬੇ ਦਾ ਮਾਲੀ ਘਾਟਾ ਅੱਠ ਹਜ਼ਾਰ ਕਰੋੜ ਰੁਪਏ ਹੈ ਅਤੇ ਰਾਜ ਸਰਕਾਰ ਦੀ ਉਧਾਰ ਲੈਣ ਦੀ ਹੱਦ ਤੇਰਾਂ ਹਜ਼ਾਰ ਕਰੋੜ ਰੁਪਏ ਹੈ। ਇਸ ਸਥਿਤੀ ਵਿਚ ਕੰਮਕਾਜ ਚਲਾਉਣਾ ਕਾਫੀ ਮੁਸ਼ਕਿਲ ਹੈ ਪਰ ਨਾ ਮੁਮਕਿਨ ਨਹੀਂ ਹੈ। ਇਸ ਕਰਕੇ ਵ੍ਹਾਈਟ ਪੇਪਰ ਲਿਆਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਸੂਬੇ ਦੇ ਮਾਲੀ ਸੋਮਿਆਂ ਨੂੰ ਲੁੱਟਣ 'ਚ ਅੰਗਰੇਜ਼ਾਂ ਤੇ ਮੁਗਲਾਂ ਨੂੰ ਵੀ ਮਾਤ ਪਾ ਦਿੱਤੀ ਹੈ। ਸੂਬੇ ਨੂੰ ਇਸ ਸਥਿਤੀ 'ਚੋਂ ਕੱਢਣ ਲਈ ਕੀ ਕਦਮ ਚੁੱਕੇ ਜਾਣਗੇ ਬਾਰੇ ਪੁੱਛਣ 'ਤੇ ਉਨ੍ਹਾਂ ਕਿਹਾ ਕਿ ਭਲਕੇ ਕਾਂਗਰਸ ਵਜ਼ਾਰਤ ਦੀ ਪਹਿਲੀ ਮੀਟਿੰਗ ਹੋ ਰਹੀ ਹੈ, ਜਿਸ ਵਿਚ ਅਹਿਮ ਫੈਸਲੇ ਲਏ ਜਾਣਗੇ ਤੇ ਵਜ਼ਾਰਤ ਸੂਬੇ ਦੀ ਦਿਸ਼ਾ ਤੈਅ ਕਰ ਦੇਵੇਗੀ। ਅਜਿਹੇ ਕਦਮ ਚੁੱਕੇ ਜਾਣਗੇ ਜਿਨ੍ਹਾਂ ਨਾਲ ਸੂਬੇ ਦੀ ਲੀਹੋਂ ਲੱਥੀ ਗੱਡੀ ਮੁੜ ਰਿੜ੍ਹਨ ਲੱਗੇਗੀ। ਇਹ ਫੈਸਲੇ ਵਿੱਤ, ਪੁਲੀਸ ਸਮੇਤ ਹੋਰ ਸਾਰੇ ਵਿਭਾਗਾਂ ਵਿਚ ਲਾਗੂ ਕੀਤੇ ਜਾਣਗੇ। ਆਰਥਿਕ ਸਥਿਤੀ ਸੁਧਾਰਨ ਲਈ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੇ ਚੋਣ ਮੈਨੀਫੈਸਟੋ ਅਨੁਸਾਰ ਹੀ ਕਦਮ ਚੁੱਕੇ ਜਾਣਗੇ ਤੇ ਜਿਹੜੇ ਵਾਅਦੇ ਕੀਤੇ ਗਏ ਹਨ, ਉਨ੍ਹਾਂ 'ਤੇ ਪੂਰੇ ਉਤਰਨ ਦਾ ਯਤਨ ਕਰਾਂਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਖੁਦ ਮੈਨੀਫੈਸਟੋ ਤਿਆਰ ਕੀਤਾ ਹੈ ਤੇ ਇਸ ਲਈ ਮੈਨੀਫੈਸਟੋ ਨੂੰ ਅਨੁਸਾਰ ਹੀ ਅੱਗੇ ਵਧਿਆ ਜਾਵੇਗਾ।

# ਬਾਦਲਾਂ ਦੇ ਖ਼ਾਸ ਖਿਡਾਰੀ ਅਮਰਿੰਦਰ ਦੀ ਟੀਮ 'ਚ ਬਰਕਰਾਰ

- ਕਾਂਗਰਸ ਵੱਲੋਂ ਤਾਇਨਾਤ ਕੀਤੇ ਬਹੁਤੇ ਪੁਲਿਸ ਅਫ਼ਸਰ ਰਹੇ ਹਨ ਅਕਾਲੀ ਆਗੂਆਂ ਦੇ ਕਰੀਬ

ਚੰਡੀਗੜ੍ਹ, (ਸ.ਦ.ਅ.)-ਪੰਜਾਬ ਵਿਚ ਸੱਤਾ ਤਬਦੀਲੀ ਤੋਂ ਬਾਅਦ ਵੀ ਪੁਲਿਸ ਪ੍ਰਸ਼ਾਸਨ 'ਤੇ ਬਾਦਲਾਂ ਦਾ ਪਰਛਾਵਾਂ ਦਿਸ ਰਿਹਾ ਹੈ। ਡੀ.ਜੀ.ਪੀ. ਤੋਂ ਲੈ ਕੇ ਜ਼ਿਲ੍ਹਾ ਪੁਲਿਸ ਮੁਖੀ ਤੱਕ ਬਹੁਗਿਣਤੀ ਅਜਿਹੇ ਪੁਲਿਸ ਅਧਿਕਾਰੀਆਂ ਨੂੰ ਹੀ ਕਾਂਗਰਸ ਸਰਕਾਰ ਨੇ ਗਲੇ ਲਾ ਲਿਆ ਹੈ, ਜੋ ਅਕਾਲੀ ਹੁਕਮਰਾਨਾਂ ਦੇ ਖਾਸਮ-ਖਾਸ ਹੀ ਨਹੀਂ ਰਹੇ, ਸਗੋਂ ਵਿਰੋਧੀ ਪਾਰਟੀਆਂ ਵਿਰੁੱਧ ਦਰਜ ਹੁੰਦੇ ਕੇਸਾਂ ਵਿਚ ਵੀ ਬਦਨਾਮ ਰਹੇ ਹਨ। ਕਿਸੇ ਵੀ ਸਰਕਾਰ ਦਾ ਚਿਹਰਾ-ਮੋਹਰਾ ਪੁਲਿਸ ਮੰਨੀ ਜਾਂਦੀ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਗੱਦੀ ਸੰਭਾਲਣ ਤੋਂ ਬਾਅਦ ਪੁਲਿਸ ਪ੍ਰਸ਼ਾਸਨ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਨਜ਼ਰ ਨਹੀਂ ਆਈ। ਕਾਂਗਰਸ ਦੇ ਸੀਨੀਅਰ ਆਗੂ ਵੀ ਸਰਕਾਰ ਦੇ ਇਸ ਰਵੱਈਏ ਤੋਂ ਪ੍ਰੇਸ਼ਾਨ ਹਨ ਤੇ ਆਪਣੀ ਨਾਰਾਜ਼ਗੀ ਵੀ ਦਰਜ ਕਰਾ ਚੁੱਕੇ ਹਨ।

ਪੰਜਾਬ ਪੁਲਿਸ ਦੇ ਮੌਜੂਦਾ ਮੁਖੀ ਸੁਰੇਸ਼ ਅਰੋੜਾ ਨੂੰ ਅਕਾਲੀ-ਭਾਜਪਾ ਸਰਕਾਰ ਨੇ ਅਕਤੂਬਰ 2015 ਵਿਚ ਬਰਗਾੜੀ ਕਾਂਡ ਤੋਂ ਬਾਅਦ ਪੁਲਿਸ ਵਿਰੁੱਧ ਉਪਜੇ ਲੋਕ ਰੋਹ ਤੋਂ ਬਾਅਦ ਇਸ ਅਹੁਦੇ 'ਤੇ ਤਾਇਨਾਤ ਕੀਤਾ ਸੀ। ਕੈਪਟਨ ਸਰਕਾਰ ਨੇ ਇਸੇ ਅਧਿਕਾਰੀ ਨੂੰ ਪੁਲਿਸ ਦੇ ਇਸ ਸਿਖਰਲੇ ਅਹੁਦੇ 'ਤੇ ਕਾਇਮ ਰਹਿਣ ਦੀ ਹਰੀ ਝੰਡੀ ਦੇ ਦਿੱਤੀ ਹੈ ਤੇ ਕੇਂਦਰ ਸਰਕਾਰ ਨੂੰ ਚਿੱਠੀ ਲਿਖ ਕੇ ਸੂਚਿਤ ਵੀ ਕਰ ਦਿੱਤਾ ਹੈ ਕਿ ਸ੍ਰੀ ਅਰੋੜਾ ਪੰਜਾਬ ਵਿਚ ਹੀ ਰਹਿਣਗੇ ਤੇ ਕੇਂਦਰੀ ਡੈਪੂਟੇਸ਼ਨ ਲਈ ਦਿੱਤੀ ਸਹਿਮਤੀ ਵਾਪਸ ਲਈ ਜਾਂਦੀ ਹੈ। ਸ੍ਰੀ ਅਰੋੜਾ 1982 ਬੈਚ ਦੇ ਆਈ.ਪੀ.ਐੱਸ. ਅਧਿਕਾਰੀ ਹਨ। ਇਹ ਪੁਲਿਸ ਅਧਿਕਾਰੀ ਬੇਦਾਗ ਅਤੇ ਵਿਵਾਦ ਰਹਿਤ ਮੰਨਿਆ ਜਾਂਦਾ ਹੈ ਪਰ ਸ੍ਰੀ ਅਰੋੜਾ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਖਾਸ ਮੰਨੇ ਜਾਂਦੇ ਹਨ। ਪੁਲਿਸ ਅਤੇ ਸਿਆਸੀ ਹਲਕਿਆਂ ਵਿਚ ਇਹ ਪ੍ਰਭਾਵ ਹੈ ਕਿ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਿਰੁੱਧ ਲੁਧਿਆਣਾ ਦੀ ਅਦਾਲਤ ਵਿਚ ਚਲਦੇ ਸਿਟੀ ਸੈਂਟਰ ਘੁਟਾਲੇ ਦੇ ਕੇਸ ਵਿਚ ਵਿਜੀਲੈਂਸ ਵੱਲੋਂ ਰਾਹਤ ਦੇਣ ਦੀ ਸ਼ੁਰੂ ਕੀਤੀ ਕਾਰਵਾਈ ਕਾਰਨ ਹੀ ਕੈਪਟਨ ਸਰਕਾਰ ਇਸ ਅਧਿਕਾਰੀ 'ਤੇ ਮਿਹਰਬਾਨ ਹੋਈ ਹੈ। ਸ੍ਰੀ ਅਰੋੜਾ ਬਾਰੇ ਲਏ ਫੈਸਲੇ ਨੇ ਡੀ.ਜੀ.ਪੀ. ਰੈਂਕ ਦੇ ਕਈ ਅਧਿਕਾਰੀਆਂ ਦੀਆਂ ਆਸਾਂ 'ਤੇ ਪਾਣੀ ਫੇਰ ਦਿੱਤਾ। ਇਥੋਂ ਤੱਕ ਕਿ ਡੀਜੀਪੀ ਰੈਂਕ ਦੇ ਅਧਿਕਾਰੀ ਮੁਹੰਮਦ ਮੁਸਤਫ਼ਾ ਦੇ ਡੀ.ਜੀ.ਪੀ. ਬਣਨ ਬਾਰੇ ਸੋਸ਼ਲ ਮੀਡੀਆ 'ਤੇ ਬਹੁਤ ਜ਼ਿਆਦਾ ਪ੍ਰਚਾਰ ਹੋਣ ਲੱਗਿਆ ਸੀ। ਸਰਕਾਰ ਵੱਲੋਂ ਹਲਫ਼ ਲੈਣ ਦੇ ਪਹਿਲੇ ਹੀ ਦਿਨ ਪੁਲਿਸ ਅਫ਼ਸਰਾਂ ਦੀਆਂ ਥੋਕ ਵਿਚ ਬਦਲੀਆਂ ਕੀਤੀਆਂ ਗਈਆਂ। ਇਨ੍ਹਾਂ ਵਿਚੋਂ ਬਹੁਤੇ ਅਕਾਲੀਆਂ ਦੇ ਖਾਸ ਰਹੇ ਹਨ। ਸੀ.ਆਈ.ਡੀ. ਦੇ ਮੁਖੀ ਵਜੋਂ ਤਾਇਨਾਤ ਕੀਤੇ ਦਿਨਕਰ ਗੁਪਤਾ ਅਤੇ ਵਧੀਕ ਡੀ.ਜੀ.ਪੀ. ਪ੍ਰਸ਼ਾਸਨ ਦੇ ਅਹੁਦੇ 'ਤੇ ਤਾਇਨਾਤ ਕੀਤੇ ਗੌਰਵ ਯਾਦਵ ਵੀ ਅਕਾਲੀ ਸਰਕਾਰ ਦੇ ਚਹੇਤਿਆਂ ਵਿਚ ਸ਼ਾਮਲ ਸਨ।

ਜਲੰਧਰ (ਦਿਹਾਤੀ) ਦੇ ਪੁਲਿਸ ਮੁਖੀ ਵਜੋਂ ਤਾਇਨਾਤ ਕੀਤੇ ਗੁਰਪ੍ਰੀਤ ਸਿੰਘ ਭੁੱਲਰ ਇਕ ਅਜਿਹੇ ਪੁਲਿਸ ਅਫ਼ਸਰ ਹਨ, ਜੋ ਅਕਾਲੀ-ਭਾਜਪਾ ਸਰਕਾਰ ਦੇ ਰਾਜ ਦੌਰਾਨ ਸਭ ਤੋਂ ਜ਼ਿਆਦਾ ਸਮਾਂ ਜ਼ਿਲ੍ਹਾ ਪੁਲਿਸ ਮੁਖੀ ਦੇ ਅਹੁਦੇ 'ਤੇ ਤਾਇਨਾਤ ਰਹੇ। ਸੁਖਬੀਰ ਸਿੰਘ ਬਾਦਲ ਦੇ ਚਹੇਤੇ ਮੰਨੇ ਜਾਂਦੇ ਬਠਿੰਡਾ ਦੇ ਪੁਲਿਸ ਮੁਖੀ ਸਵਪਨ ਸ਼ਰਮਾ ਨੂੰ ਬਾਦਲਾਂ ਦੇ ਖੇਤਰ ਬਠਿੰਡਾ ਵਿਚ ਹੀ ਰੱਖਿਆ ਗਿਆ ਹੈ। ਮੋਹਾਲੀ ਦੇ ਜ਼ਿਲ੍ਹਾ ਪੁਲਿਸ ਮੁਖੀ ਕੁਲਦੀਪ ਸਿੰਘ ਵੀ ਬਾਦਲਾਂ ਦੇ ਗੜ੍ਹ ਮੁਕਤਸਰ ਵਿਚ 'ਬਾਦਲਾਂ ਦੀ ਸੇਵਾ' ਕਰ ਚੁੱਕੇ ਹਨ। ਜਲੰਧਰ ਦੇ ਪੁਲਿਸ ਕਮਿਸ਼ਨਰ ਅਰਪਿਤ ਸ਼ੁਕਲਾ ਤਾਂ ਬਾਦਲ ਸਰਕਾਰ ਦੇ ਖਾਸ ਮੰਨੇ ਜਾਂਦੇ ਹਨ। ਖੰਨਾ ਦੇ ਜ਼ਿਲ੍ਹਾ ਪੁਲਿਸ ਮੁਖੀ ਰਾਜਜੀਤ ਸਿੰਘ ਭਾਜਪਾ ਦੀ ਸਾਬਕਾ ਵਿਧਾਇਕਾ ਸੁਖਜੀਤ ਕੌਰ ਸਾਹੀ ਦੇ ਕਰੀਬੀ ਰਿਸ਼ਤੇਦਾਰ ਹੋਣ ਕਰ ਕੇ ਪਿਛਲੀ ਸਰਕਾਰ ਦੌਰਾਨ ਕਈ ਜ਼ਿਲ੍ਹਿਆਂ ਦੇ ਐੱਸ.ਐੱਸ.ਪੀ. ਰਹਿ ਚੁੱਕੇ ਹਨ। ਅਕਾਲੀਆਂ ਦੇ ਖਾਸ ਰਹੇ ਡੀ.ਆਈ.ਜੀ. ਅਜੇ ਤੱਕ ਤਬਦੀਲ ਹੀ ਨਹੀਂ ਕੀਤੇ ਗਏ।

# ਅਮਰਿੰਦਰ ਨੇ ਬਾਦਲਾਂ ਵਾਲੀਆਂ ਕੋਠੀਆਂ ਆਪਣੇ ਕੋਲ ਰੱਖੀਆਂ



ਚੰਡੀਗੜ੍ਹ, (ਸ.ਦ.ਅ.)-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੀ ਰਿਹਾਇਸ਼ ਲਈ ਸੈਕਟਰ ਦੋ ਵਿਚਲੀਆਂ ਸਾਬਕਾ ਮੁੱਖ ਮੰਤਰੀ ਤੇ ਸਾਬਕਾ ਉਪ ਮੁੱਖ ਮੰਤਰੀ ਵਾਲੀਆਂ ਦੋਵੇਂ ਕੋਠੀਆਂ ਆਪਣੇ ਕੋਲ ਰੱਖਣ ਦਾ ਫ਼ੈਸਲਾ ਕੀਤਾ ਹੈ।

ਮੁੱਖ ਮੰਤਰੀ ਕੈਪਟਨ ਨੇ 16 ਮਾਰਚ ਨੂੰ ਸਹੁੰ ਚੁੱਕਣ ਤੋਂ ਬਾਅਦ ਸੈਕਟਰ ਦੋ ਵਿਚਲੀ ਮੁੱਖ ਮੰਤਰੀ ਦੀ ਰਿਹਾਇਸ਼ ਵਾਲੀ ਕੋਠੀ ਨੰਬਰ 45 ਅਤੇ ਇਸ ਦੇ ਨਾਲ ਲੱਗਦੀ ਪਿਛਲੀ ਸਰਕਾਰ ਵਿਚ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਾਲੀ ਕੋਠੀ ਨੰਬਰ 44 ਵੀ ਆਪਣੇ ਕੋਲ ਰੱਖਣ ਦਾ ਫੈਸਲਾ ਕੀਤਾ ਹੈ। ਇਹ ਦੋਵੇਂ ਕੋਠੀਆਂ ਮੁੱਖ ਮੰਤਰੀ ਨੂੰ ਅਲਾਟ ਕੀਤੀਆ ਗਈਆਂ ਹਨ। ਮੁੱਖ ਮੰਤਰੀ ਵੱਲੋਂ ਰਿਹਾਇਸ਼ ਤੋਂ ਪਹਿਲਾਂ ਲੋਕ ਨਿਰਮਾਣ ਵਿਭਾਗ ਨੂੰ ਕੋਠੀਆਂ ਦੀ ਦਸ਼ਾ ਸੁਧਾਰਨ ਦਾ ਕੰਮ ਸੌਂਪਿਆ ਹੋਇਆ ਹੈ।

ਪਾਰਟੀ ਦੇ ਇਕ ਸੀਨੀਅਰ ਆਗੂ ਨੇ ਕਿਹਾ ਕਿ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ, ਮੁੱਖ ਮੰਤਰੀ ਦੀ ਰਿਹਾਇਸ਼ ਨਾਲ ਲੱਗਦੀ ਵਿਰੋਧੀ ਧਿਰ ਦੇ ਆਗੂ ਵਾਲੀ ਕੋਠੀ ਆਪਣੇ ਕੋਲ ਰੱਖਣ ਵਿਚ ਸਫਲ ਰਹੇ ਹਨ। ਸਿਹਤ ਤੇ ਪਰਿਵਾਰ ਭਲਾਈ ਮੰਤਰੀ ਬ੍ਰਹਮ ਮਹਿੰਦਰਾ ਨੂੰ ਪਿਛਲੀ ਸਰਕਾਰ ਵਿਚ ਜੰਗਲਾਤ ਮੰਤਰੀ ਚੂਨੀ ਲਾਲ ਭਗਤ ਵਾਲੀ ਕੋਠੀ ਦਿੱਤੀ ਗਈ ਹੈ। ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਨੂੰ ਸਾਬਕਾ ਸਪੀਕਰ ਵਾਲੀ ਕੋਠੀ, ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੂੰ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਵਾਲੀ ਕੋਠੀ ਅਲਾਟ ਕੀਤੀ ਗਈ ਹੈ। ਰਾਜ ਮੰਤਰੀ ਰਜ਼ੀਆ ਸੁਲਤਾਨਾ ਤੇ ਅਰੁਣਾ ਚੌਧਰੀ ਨੂੰ ਸੈਕਟਰ 39 ਵਿਚ ਕੋਠੀਆਂ ਅਲਾਟ ਕੀਤੀਆਂ ਗਈਆਂ ਹਨ।

### ਕਾਂਗਰਸ ਸਰਕਾਰ ਨੇ ਹੱਥ ਘੁੱਟਿਆ

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪੰਜਾਬ ਭਰ ਦੇ ਪਿੰਡਾਂ ਵਿਚ ਨਵੇਂ ਸ਼ੁਰੂ ਹੋਣ ਵਾਲੇ ਵਿਕਾਸ ਕੰਮਾਂ 'ਤੇ ਪਾਬੰਦੀ ਲਾ ਦਿੱਤੀ ਹੈ। ਪੰਚਾਇਤ ਵਿਭਾਗ ਦੇ ਡਾਇਰੈਕਟਰ ਨੇ ਪੱਤਰ ਜਾਰੀ ਕਰਕੇ ਪਿੰਡਾਂ ਵਿਚ ਪਏ ਅਣਵਰਤੇ ਫੰਡਾਂ ਦੀ ਵੇਰਵੇ ਮੰਗ ਲਏ ਹਨ। ਅਗਲੇ ਹੁਕਮਾਂ ਤੱਕ ਸਰਕਾਰ ਨੇ ਪਿੰਡਾਂ ਦੇ ਵਿਕਾਸ ਕਾਰਜਾਂ 'ਤੇ ਰੋਕ ਲਾ ਦਿੱਤੀ ਹੈ। ਗਠਜੋੜ ਸਰਕਾਰ ਵੱਲੋਂ ਚੋਣਾਂ ਤੋਂ ਐਨ ਪਹਿਲਾਂ ਜੋ ਕਰੋੜਾਂ ਦੇ ਫੰਡ ਵੰਡੇ ਗਏ ਸਨ, ਉਨ੍ਹਾਂ ਵਿਚੋਂ ਜਿਹੜੇ ਫੰਡਾਂ ਨਾਲ ਕੰਮ ਅਜੇ ਸ਼ੁਰੂ ਨਹੀਂ ਹੋਏ, ਉਹ ਅਗਲੇ ਹੁਕਮਾਂ ਤੱਕ ਰੁਕੇ ਰਹਿਣਗੇ।

ਵੇਰਵਿਆਂ ਅਨੁਸਾਰ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਡਾਇਰੈਕਟਰ ਨੇ ਅਜਿਹੇ ਫੰਡਾਂ ਦਾ ਵੇਰਵਾ 23 ਮਾਰਚ ਤੱਕ ਮੰਗ ਲਿਆ ਹੈ। ਜਿਹੜੀ ਬਕਾਇਆ ਰਾਸ਼ੀ ਪਈ ਹੈ, ਉਸ ਨੂੰ ਮੁੜ ਵੰਡੇ ਜਾਣ ਦੀ ਯੋਜਨਾ ਵੀ ਹੋ ਸਕਦੀ ਹੈ। ਕੈਪਟਨ ਸਰਕਾਰ ਨੇ ਪਹਿਲਾਂ ਹੀ ਆਖ ਦਿੱਤਾ ਹੈ ਕਿ ਖ਼ਜ਼ਾਨਾ ਖਾਲੀ ਹੈ। ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੇ ਆਪਣਾ ਅਹੁਦਾ ਸੰਭਾਲਣ ਮਗਰੋਂ ਇਹ ਹੁਕਮ ਜਾਰੀ ਕੀਤੇ, ਜਿਨ੍ਹਾਂ ਨੂੰ ਹੁਣ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ਸੂਤਰਾਂ ਅਨੁਸਾਰ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਨੇ ਵਿਭਾਗ ਦੇ ਉੱਚ ਅਫ਼ਸਰਾਂ ਨਾਲ ਪਲੇਠੀ ਮੀਟਿੰਗ ਕੀਤੀ ਹੈ, ਜਿਸ ਦੌਰਾਨ ਅਫ਼ਸਰਾਂ ਦੀ ਖਿਚਾਈ ਵੀ ਕੀਤੀ ਗਈ। ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਮੀਟਿੰਗ ਵਿਚ ਅਫ਼ਸਰਾਂ ਨੂੰ ਖਰੀਆਂ-ਖਰੀਆਂ ਸੁਣਾਈਆਂ ਤੇ ਸਾਫ਼ ਆਖ ਦਿੱਤਾ ਕਿ ਪੇਂਡੂ ਵਿਕਾਸ ਲਈ ਜਿਹੜਾ ਪੈਸਾ ਜਾਰੀ ਕੀਤਾ ਜਾਂਦਾ ਹੈ, ਉਹ ਪੂਰਾ ਪੇਂਡੂ ਵਿਕਾਸ 'ਤੇ ਖ਼ਰਚ ਨਹੀਂ ਹੁੰਦਾ ਹੈ। ਮਹਿਕਮੇ ਦੇ ਅਫ਼ਸਰਾਂ ਨੇ ਆਖਿਆ ਕਿ ਉਨ੍ਹਾਂ ਵੱਲੋਂ ਤਾਂ ਆਡਿਟ ਕਰਾਇਆ ਜਾਂਦਾ ਹੈ ਪਰ ਸ੍ਰੀ ਬਾਜਵਾ ਨੂੰ ਇਸ ਗੱਲੋਂ ਤਸੱਲੀ ਨਹੀਂ ਹੋ ਸਕੀ। ਸੂਤਰਾਂ ਅਨੁਸਾਰ ਅਫ਼ਸਰ ਉਦੋਂ ਹੈਰਾਨ ਰਹਿ ਗਏ, ਜਦੋਂ ਨਵੇਂ ਵਜ਼ੀਰ ਨੇ ਵਿਭਾਗ ਦੇ ਕਈ ਭੇਤਾਂ ਤੋਂ ਵੀ ਜਾਣੂ ਕਰਾ ਦਿੱਤਾ।

ਦੱਸਣਯੋਗ ਹੈ ਕਿ ਬਠਿੰਡਾ, ਮਾਨਸਾ ਅਤੇ ਮੁਕਤਸਰ ਜ਼ਿਲ੍ਹੇ ਦੇ ਹਲਕਾ ਲੰਬੀ ਵਿਚ ਪੇਂਡੂ ਵਿਕਾਸ ਲਈ ਸਭ ਤੋਂ ਜ਼ਿਆਦਾ ਫੰਡ ਵੰਡੇ ਗਏ ਸਨ। ਇਨ੍ਹਾਂ ਵਿਚੋਂ ਬਹੁਤੇ ਤਾਂ ਖ਼ਰਚ ਹੋ ਚੁੱਕੇ ਹਨ ਪਰ ਕਾਫ਼ੀ ਫੰਡ ਚੋਣ ਜ਼ਾਬਤੇ ਦੀ ਭੇਟ ਚੜ੍ਹ ਗਏ। ਸੂਤਰਾ ਅਨੁਸਾਰ ਨਵੀਂ ਸਰਕਾਰ ਤਰਫ਼ੋਂ ਫਿਲਹਾਲ ਫੰਡਾਂ ਦੀ ਵੰਡ ਵਿਚ ਸੰਜਮ ਵਰਤਿਆ ਜਾਣਾ ਹੈ।

# ਪੰਜਾਬ ਵਿਧਾਨ ਸਭਾ ਦਾ ਚਾਰ ਰੋਜ਼ਾ ਸੈਸ਼ਨ 24 ਤੋਂ

ਚੰਡੀਗੜ੍ਹ, (ਸ.ਦ.ਅ.)-15ਵੀਂ ਵਿਧਾਨ ਸਭਾ ਦਾ ਪਹਿਲਾ ਇਜਲਾਸ 24 ਮਾਰਚ ਨੂੰ ਬਾਅਦ ਦੁਪਹਿਰ ਦੋ ਵਜੇ ਸ਼ੁਰੂ ਹੋਵੇਗਾ। ਇਹ ਫੈਸਲਾ ਇਥੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਮੰਤਰੀ ਮੰਡਲ ਦੀ ਹੋਈ ਪਹਿਲੀ ਮੀਟਿੰਗ ਵਿਚ ਲਿਆ ਗਿਆ। ਮੰਤਰੀ ਮੰਡਲ ਨੇ ਪਹਿਲੇ ਸਮਾਗਮ ਲਈ ਰਾਜਪਾਲ ਦੇ ਭਾਸ਼ਣ ਨੂੰ ਪ੍ਰਵਾਨਗੀ ਦੇਣ ਲਈ ਮੁੱਖ ਮੰਤਰੀ ਨੂੰ ਅਧਿਕਾਰਤ ਕੀਤਾ ਹੈ। ਵਿਧਾਇਕ 24 ਅਤੇ 27 ਮਾਰਚ ਨੂੰ ਸਹੁੰ ਚੁੱਕਣਗੇ। ਸਪੀਕਰ ਅਤੇ ਡਿਪਟੀ ਸਪੀਕਰ ਦੀ ਚੋਣ 27 ਮਾਰਚ ਨੂੰ ਹੋਵੇਗੀ ਅਤੇ ਇਸੇ ਦਿਨ ਹੀ ਵਿਛੜੀਆਂ ਸ਼ਖ਼ਸੀਅਤਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਣਗੀਆਂ। ਰਾਜਪਾਲ ਦਾ ਭਾਸ਼ਣ 28 ਮਾਰਚ ਨੂੰ ਹੋਵੇਗਾ ਅਤੇ ਉਸ ਤੋਂ ਬਾਅਦ 29 ਮਾਰਚ ਨੂੰ ਰਾਜਪਾਲ ਦੇ ਭਾਸ਼ਣ 'ਤੇ ਧੰਨਵਾਦ ਦੇ ਮਤੇ 'ਤੇ ਬਹਿਸ ਤੋਂ ਇਲਾਵਾ ਸਾਲ 2016-17 ਦੀਆਂ ਅਨੁਪੂਰਕ ਮੰਗਾਂ ਅਤੇ ਸਾਲ 2017-18 ਲਈ ਲੇਖਾ ਅਨੁਦਾਨ ਪੇਸ਼ ਕੀਤਾ ਜਾਵੇਗਾ। ਮੰਤਰੀ ਮੰਡਲ ਨੇ ਇਕ ਹੋਰ ਅਹਿਮ ਫ਼ੈਸਲਾ ਲੈਂਦਿਆਂ ਸੇਵਾ-ਮੁਕਤ ਸੀਨੀਅਰ ਆਈ.ਏ.ਐੱਸ. ਅਧਿਕਾਰੀ ਸੁਰੇਸ਼ ਕੁਮਾਰ ਨੂੰ ਭਾਰਤ ਸਰਕਾਰ ਦੇ ਕੈਬਨਿਟ ਸਕੱਤਰ ਦੇ ਬਰਾਬਰ ਦਰਜੇ 'ਤੇ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਦੀ ਨਿਯੁਕਤੀ ਲਈ ਸੇਵਾ ਸ਼ਰਤਾਂ ਨੂੰ ਪ੍ਰਵਾਨਗੀ ਦੇ ਦਿੱਤੀ ਹੈ।

# ਕੈਪਟਨ ਸਰਕਾਰ ਜਾਂ ਖਪਤਕਾਰਾਂ ਨੂੰ ਝੱਲਣਾ ਪਵੇਗਾ ਪਾਵਰਕੌਮ ਦਾ 'ਕਰੰਟ'

ਪਟਿਆਲਾ, (ਸ.ਦ.ਅ.)-ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਸੂਬੇ 'ਚ ਨਵੀਆਂ ਬਿਜਲੀ ਦਰਾਂ ਤੈਅ ਕਰਨ ਸਬੰਧੀ ਅੰਤਿਮ ਪੜਾਅ 'ਤੇ ਹੈ। ਸੂਬੇ ਦੇ ਬਿਜਲੀ ਖਪਤਕਾਰਾਂ ਦੀ ਨਵੀਂ ਸਰਕਾਰ 'ਤੇ ਪੂਰੀ ਟੇਕ ਹੈ ਕਿ ਬਿਜਲੀ ਦਰਾਂ ਦੇ ਵਾਧੇ ਦਾ ਕਰੰਟ ਨਹੀਂ ਲੱਗਣ ਦੇਵੇਗੀ। ਹੁਣ ਇਹ ਫ਼ੈਸਲਾ ਨਵੀਂ ਕੈਪਟਨ ਸਰਕਾਰ ਲਈ ਵੱਡੀ ਚੁਣੌਤੀ ਸਮਝਿਆ ਜਾ ਰਿਹਾ ਹੈ।

### ਨਵੀਆਂ ਦਰਾਂ ਬਾਰੇ ਰਿਪੋਰਟ ਲਗਭਗ ਮੁਕੰਮਲ: ਚੇਅਰਮੈਨ

ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਡੀ. ਐੱਸ. ਬੈਂਸ ਨੇ ਦੱਸਿਆ ਕਿ ਨਵੀਆਂ ਦਰਾਂ ਦੇ ਐਲਾਨ ਸਬੰਧੀ ਕਮਿਸ਼ਨ ਹੁਣ ਅੰਤਿਮ ਪੜਾਅ 'ਤੇ ਹੈ। ਕਮਿਸ਼ਨ ਨੇ ਜਨਤਕ ਇਤਰਾਜ਼ ਪ੍ਰਾਪਤ ਕਰਨ ਦੀ ਪ੍ਰਕਿਰਿਆ 13 ਮਾਰਚ ਨੂੰ ਮੁਕੰਮਲ ਕਰ ਲਈ ਹੈ। ਪਿਛਲੇ ਸਾਲਾਂ ਦੀਆਂ ਆਡਿਟ ਰਿਪੋਰਟਾਂ ਸਮੇਤ ਲੋੜੀਂਦੀਆਂ ਸਾਰੀਆਂ ਰਿਪੋਰਟਾਂ ਆ ਗਈਆਂ ਹਨ। ਕਮਿਸ਼ਨ ਹੁਣ ਸਾਰੇ ਪੱਖਾਂ ਨੂੰ ਧਿਆਨ ਵਿਚ ਰੱਖਦਿਆਂ ਆਪਣੀ ਰਿਪੋਰਟ ਤਿਆਰ ਕਰ ਰਿਹਾ ਹੈ। ਇਸ ਮਗਰੋਂ ਸਰਕਾਰ ਤੋਂ ਸਬਸਿਡੀਆਂ ਬਾਰੇ ਜਾਣਕਾਰੀ ਲਈ ਜਾਵੇਗੀ। ਉਨ੍ਹਾਂ ਆਖਿਆ ਕਿ ਸਰਕਾਰ ਦੇ ਜਵਾਬ ਮਗਰੋਂ ਨਵੀਆਂ ਦਰਾਂ ਦਾ ਐਲਾਨ ਸੰਭਵ ਹੋ ਸਕੇਗਾ।

ਦੱਸਣਯੋਗ ਹੈ ਕਿ ਪਾਵਰਕੌਮ ਨੇ ਰੈਗੂਲੇਟਰੀ ਕਮਿਸ਼ਨਰ ਕੋਲ ਦਾਇਰ ਕੀਤੀ ਆਪਣੀ ਸਾਲਾਨਾ ਰੈਵੇਨਿਊ ਰਿਪੋਰਟ ਵਿਚ ਬਿਜਲੀ ਦਰਾਂ ਵਿਚ 20 ਫੀਸਦੀ ਵਾਧੇ ਦੀ ਮੰਗ ਕੀਤੀ ਹੈ। ਕਮਿਸ਼ਨ ਵੱਲੋਂ ਬਿਜਲੀ ਦਰਾਂ 'ਚ ਵਾਧੇ ਦੀ ਪਾਵਰਕੌਮ ਦੀ ਤਜਵੀਜ਼ 'ਤੇ ਜਨਤਕ ਇਤਰਾਜ਼ਾਂ ਦੀ ਸੁਣਵਾਈ ਦਾ ਕੰਮ ਮੁਕੰਮਲ ਕਰ ਲਿਆ ਹੈ। ਹੁਣ ਕਮਿਸ਼ਨ ਨੇ ਇਨ੍ਹਾਂ ਇਤਰਾਜ਼ਾਂ ਬਾਰੇ ਪਾਵਰਕੌਮ ਤੋਂ ਟਿੱਪਣੀਆਂ ਮੰਗੀਆਂ ਹਨ। ਇਨ੍ਹਾਂ ਦੇ ਆਉਣ ਮਗਰੋਂ ਰੈਗੂਲੇਟਰੀ ਕਮਿਸ਼ਨ ਵੱਲੋਂ ਪੰਜਾਬ ਸਰਕਾਰ ਤੋਂ ਇਹ ਪੁੱਛਿਆ ਜਾਵੇਗਾ ਕਿ ਉਹ ਕਿਸ ਵਰਗ ਲਈ ਕਿੰਨੀ ਸਬਸਿਡੀ ਦੇਣ ਦੀ ਇੱਛੁਕ ਹੈ। ਸਰਕਾਰ ਦੇ ਜਵਾਬ ਮਗਰੋਂ ਸਾਰੀ ਗਿਣਤੀ ਮਿਣਤੀ ਲਗਾ ਕੇ ਰੈਗੂਲੇਟਰੀ ਕਮਿਸ਼ਨ ਨਵੀਆਂ ਦਰਾਂ ਦਾ ਐਲਾਨ ਕਰੇਗਾ? ਪਾਵਰਕੌਮ ਵੱਲੋਂ ਦਾਇਰ ਕੀਤੀ ਗਈ ਪਟੀਸ਼ਨ ਵਿਚ ਤਿੰਨ ਸਾਲਾਂ ਲਈ ਬਿਜਲੀ ਦਰਾਂ ਤੈਅ ਕਰਨ ਦੀ ਮੰਗ ਕੀਤੀ ਗਈ ਹੈ ਜਿਸ ਵਿਚ 2017-18, 2018-19 ਅਤੇ 2019-20 ਸ਼ਾਮਲ ਹਨ। ਇਹ ਪਹਿਲੀ ਵਾਰ ਹੈ ਜਦੋਂ ਮਲਟੀ ਈਅਰ ਟੈਰਿਫ ਪਟੀਸ਼ਨ ਦਾਇਰ ਕੀਤੀ ਗਈ ਹੈ। ਇਸ ਵਿਚ ਬਿਜਲੀ ਦਰਾਂ ਵਿਚ 20 ਫੀਸਦੀ ਵਾਧੇ ਦੀ ਮੰਗ ਕੀਤੀ ਗਈ ਹੈ ਅਤੇ ਤਰਕ ਦਿੱਤਾ ਗਿਆ ਹੈ ਕਿ ਪਿਛਲੇ ਸਾਲਾਂ ਦੌਰਾਨ ਪਾਵਰਕੌਮ ਨੂੰ ਮਾਲੀਆ ਪੱਖੋਂ 5999.32 ਕਰੋੜ ਰੁਪਏ ਦਾ ਘਾਟਾ ਪਿਆ ਹੈ। ਸਾਲ 2017-18 ਲਈ ਇਸ ਘਾਟੇ ਤੇ ਅਗਲੇ ਘਾਟੇ ਨੂੰ ਮਿਲਾ ਕੇ ਕੁੱਲ 11575 ਕਰੋੜ ਰੁਪਏ ਦਾ ਮਾਲੀਆ ਘਾਟਾ ਪੈਣ ਦੇ ਆਸਾਰ ਹਨ। ਪਾਵਰਕੌਮ ਨੇ ਇਸ ਦੇ ਮੱਦੇਨਜ਼ਰ ਬਿਜਲੀ ਦਰਾਂ ਤੈਅ ਕਰਨ ਦੀ ਮੰਗ ਕੀਤੀ ਹੈ। ਪੰਜਾਬ ਵਿਚ ਪਿਛਲੇ ਤਿੰਨ ਸਾਲਾਂ ਤੋਂ ਬਿਜਲੀ ਦਰਾਂ ਨਹੀਂ ਵਧੀਆਂ। ਸੂਤਰਾਂ ਦਾ ਕਹਿਣਾ ਹੈ ਕਿ ਸੂਬੇ ਦੇ ਲੋਕਾਂ ਨੂੰ ਭਾਵੇਂ ਨਵੀਂ ਸਰਕਾਰ ਤੋਂ ਆਸ ਹੈ ਕਿ ਉਹ ਪਹਿਲੇ ਸਾਲ ਲੋਕਾਂ ਨੂੰ ਬਿਜਲੀ ਦੀ 'ਕਰੰਟ' ਨਹੀਂ ਲੱਗਣ ਦੇਵੇਗੀ?

# ਜੇਲ੍ਹਾਂ 'ਚ ਨਸ਼ੇ ਫੜੇ ਜਾਣ 'ਤੇ ਹੁਣ ਗਾਰਦ ਦੀ ਆਵੇਗੀ ਸ਼ਾਮਤ

### ਇਟੈਲੀਜੈਂਸ ਵੱਲੋਂ ਐਸਐਸਪੀਜ਼ ਨੂੰ ਪੱਤਰ ਜਾਰੀ; ਸ਼ੱਕੀ ਮੁਲਾਜ਼ਮ ਆਏ ਹੁਣ ਨਿਸ਼ਾਨੇ 'ਤੇ


ਸੰਗਰੂਰ ਜੇਲ੍ਹ ਦੀ ਬਾਹਰੀ ਝਲਕ।

ਬਠਿੰਡਾ, (ਸ.ਦ.ਅ.)-ਪੰਜਾਬ ਦੀਆਂ ਜੇਲ੍ਹਾਂ ਦੇ ਸ਼ੱਕੀ ਮੁਲਾਜ਼ਮ ਹੁਣ ਨਿਸ਼ਾਨੇ 'ਤੇ ਆ ਗਏ ਹਨ। ਹਕੂਮਤ ਬਦਲੀ ਮਗਰੋਂ ਜੇਲ੍ਹਾਂ 'ਚੋਂ ਹੁਣ ਕੋਈ ਨਸ਼ਾ/ਮੋਬਾਈਲ ਫੋਨ ਫੜਿਆ ਗਿਆ ਤਾਂ ਇਨ੍ਹਾਂ ਮੁਲਾਜ਼ਮਾਂ ਦੀ ਸ਼ਾਮਤ ਆਏਗੀ। ਐਡੀਸ਼ਨਲ ਡਾਇਰੈਕਟਰ ਜਨਰਲ (ਇੰਟੈਲੀਜੈਂਸ) ਨੇ ਜ਼ਿਲ੍ਹਾ ਪੁਲਿਸ ਕਪਤਾਨਾਂ ਨੂੰ ਪੱਤਰ ਜਾਰੀ ਕਰਕੇ ਤਾੜਨਾ ਅਤੇ ਚੌਕਸ ਕਰ ਦਿੱਤਾ ਹੈ। ਇਸ ਪੱਤਰ ਅਨੁਸਾਰ ਜੇਲ੍ਹ 'ਚੋਂ ਫੜੇ ਹਰ ਨਸ਼ੇ ਅਤੇ ਮੋਬਾਈਲ ਫੋਨ ਦੀ ਡੂੰਘਾਈ ਨਾਲ ਪੜਤਾਲ ਕਰਨੀ ਹੋਵੇਗੀ। ਆਮ ਤੌਰ ਤੇ ਜਦੋਂ ਜੇਲ੍ਹ 'ਚੋਂ ਨਸ਼ਾ ਜਾਂ ਮੋਬਾਈਲ ਫੋਨ ਫੜਿਆ ਜਾਂਦਾ ਹੈ ਤਾਂ ਬੰਦੀ ਖ਼ਿਲਾਫ਼ ਪੁਲਿਸ ਕਾਰਵਾਈ ਕਰਕੇ ਮਾਮਲਾ ਠੱਪ ਹੋ ਜਾਂਦਾ ਹੈ। ਪੁਲਿਸ ਦੇ ਤਫ਼ਤੀਸ਼ੀ ਅਫ਼ਸਰਾਂ 'ਤੇ ਵੀ ਹੁਣ ਉਂਗਲ ਉੱਠੀ ਹੈ। ਐਡੀਸ਼ਨਲ ਡਾਇਰੈਕਟਰ ਜਨਰਲ ਨੇ ਆਖਿਆ ਹੈ ਕਿ ਜਦੋਂ ਵੀ ਜੇਲ੍ਹਾਂ 'ਚੋਂ ਨਸ਼ੀਲੇ ਪਦਾਰਥ ਜਾਂ ਮੋਬਾਈਲ ਫੋਨ ਫੜੇ ਜਾਂਦੇ ਹਨ ਤਾਂ ਤਫ਼ਤੀਸ਼ੀ ਅਫਸਰ ਵਲੋਂ ਜੇਲ੍ਹ ਗਾਰਦ ਦੀ ਮਿਲੀਭੁਗਤ ਤਾਂ ਆਖੀ ਜਾਂਦੀ ਹੈ ਪ੍ਰੰਤੂ ਕਿਸੇ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਜਾਂਦੀ ਹੈ ਜਿਸ ਦੇ ਨਤੀਜੇ ਵਜੋਂ ਜੇਲ੍ਹ ਸਟਾਫ ਸਾਫ ਬਰੀ ਹੋ ਜਾਂਦਾ ਹੈ। ਸੂਤਰ ਦੱਸਦੇ ਹਨ ਕਿ ਚੋਣਾਂ ਦੌਰਾਨ ਜੇਲ੍ਹਾਂ 'ਚੋਂ ਵੋਟਰਾਂ ਨੂੰ ਵੀ ਫੋਨ ਖੜਕਦੇ ਰਹੇ ਹਨ। ਇਵੇਂ ਹੀ ਨਸ਼ਾ ਜੇਲ੍ਹ ਵਿਚ ਪੁੱਜਣ ਦੀ ਸੂਰਤ ਵਿਚ ਡੂੰਘਾਈ ਨਾਲ ਪੜਤਾਲ ਕਰਨ ਵਾਸਤੇ ਆਖਿਆ ਗਿਆ ਹੈ। ਨਸ਼ਾ ਕਿਥੋਂ ਆਇਆ ਅਤੇ ਕਿਸ ਨੇ ਸਪਲਾਈ ਕੀਤਾ, ਤਲਾਸ਼ੀ ਲੈਣ ਵਾਲਾ ਕਿਹੜਾ ਮੁਲਾਜ਼ਮ ਸੀ, ਆਦਿ ਨੁਕਤਿਆਂ ਨੂੰ ਵੀ ਹੁਣ ਧਿਆਨ ਵਿਚ ਰੱਖਣਾ ਪਵੇਗਾ।

# ਪੰਜਾਬ ਸਰਕਾਰ ਵੱਲੋਂ ਨਵੀਂ ਆਬਕਾਰੀ ਨੀਤੀ ਨੂੰ ਪ੍ਰਵਾਨਗੀ, ਸ਼ਰਾਬ ਹੋਵੇਗੀ ਮਹਿੰਗੀ

ਚੰਡੀਗੜ੍ਹ, (ਸ.ਦ.ਅ.)-ਪੰਜਾਬ ਮੰਤਰੀ ਮੰਡਲ ਨੇ ਨਵੀਂ ਆਬਕਾਰੀ ਨੀਤੀ ਨੂੰ ਪ੍ਰਵਾਨਗੀ ਦੇ ਦਿਤੀ, ਜਿਸ ਤਹਿਤ ਸ਼ਰਾਬ ਦੇ ਠੇਕਿਆਂ ਦੀ ਗਿਣਤੀ 6384 ਤੋਂ ਘਟਾ ਕੇ 5900 ਕਰ ਦਿਤੀ ਹੈ।

ਇਸ ਤਰ੍ਹਾਂ ਕੁੱਲ 484 ਠੇਕੇ ਘਟਾ ਦਿੱਤੇ ਗਏ ਹਨ। ਇਹ ਗਿਣਤੀ ਹਰ ਸਾਲ ਘਟਾਈ ਜਾਵੇਗੀ। ਦੇਸੀ ਸ਼ਰਾਬ ਦਾ ਕੋਟਾ 14 ਫ਼ੀਸਦੀ ਘਟਾ ਕੇ 10.10 ਕਰੋੜ ਪਰੂਫ ਲਿਟਰ ਤੋਂ 8.70 ਕਰੋੜ ਪਰੂਫ ਲਿਟਰ ਕਰ ਦਿਤਾ ਗਿਆ ਹੈ। ਅੰਗਰੇਜ਼ੀ ਸ਼ਰਾਬ ਵੀ 20 ਫ਼ੀਸਦੀ ਘਟਾ ਕੇ 4.73 ਕਰੋੜ ਪਰੂਫ ਲਿਟਰ ਤੋਂ 3.80 ਕਰੋੜ ਪਰੂਫ ਲਿਟਰ ਕਰ ਦਿਤੀ ਗਈ ਹੈ। ਕੌਮੀ ਮਾਰਗਾਂ ਤੋਂ ਅੱਧਾ ਕਿਲੋਮੀਟਰ ਦੂਰ ਹੀ ਠੇਕੇ ਖੋਲ੍ਹੇ ਜਾਣਗੇ। ਨਵੀਂ ਨੀਤੀ ਤਹਿਤ ਥੋਕ 'ਚ ਬਣੇ 'ਐਲ ਵਨ ਏ' ਲਾਇਸੈਂਸਾਂ ਨੂੰ ਖਤਮ ਕਰ ਦਿੱਤਾ ਗਿਆ ਹੈ ਤੇ ਹੁਣ ਇਨ੍ਹਾਂ ਲਾਇਸੈਂਸਾਂ ਵਾਲੇ ਕੰਪਨੀਆਂ, ਡਿਸਟਿਲਰੀਆਂ ਤੋਂ ਸਿੱਧੀ ਸ਼ਰਾਬ ਖਰੀਦ ਸਕਣਗੇ। ਨਵੀਂ ਆਬਕਾਰੀ ਨੀਤੀ ਤਹਿਤ ਦੇਸੀ ਸ਼ਰਾਬ 10 ਤੋਂ 15 ਰੁਪਏ ਪ੍ਰਤੀ ਬੋਤਲ ਅਤੇ ਅੰਗਰੇਜ਼ੀ ਸ਼ਰਾਬ 40 ਰੁਪਏ ਪ੍ਰਤੀ ਬੋਤਲ ਮਹਿੰਗੀ ਹੋ ਜਾਵੇਗੀ। ਬੀਅਰ ਦੀ ਪ੍ਰਤੀ ਬੋਤਲ ਕੀਮਤ ਵਿਚ ਤਬਦੀਲੀ ਦੀ ਸੰਭਾਵਨਾ ਨਹੀਂ ਹੈ।

# ਪੰਜਾਬ ਸਰਕਾਰ ਦੇਵੇਗੀ ਬਾਦਲ ਨੂੰ 'ਮਨਪਸੰਦ' ਸਰਕਾਰੀ ਰਿਹਾਇਸ਼

ਚੰਡੀਗੜ੍ਹ, (ਸ.ਦ.ਅ.)-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਉਨ੍ਹਾਂ ਦੀ ਮਰਜ਼ੀ ਮੁਤਾਬਕ ਸਰਕਾਰੀ ਰਿਹਾਇਸ਼ ਦੇਣ ਦਾ ਫ਼ੈਸਲਾ ਕੀਤਾ ਹੈ। ਬਾਦਲ ਵੱਲੋਂ ਆਪਣੇ ਲਈ 'ਯੋਗ' ਮਕਾਨ ਦੀ ਭਾਲ ਬਾਰੇ ਛਪੀਆਂ ਰਿਪੋਰਟਾਂ ਦਾ ਨੋਟਿਸ ਲੈਂਦਿਆਂ ਇਹ ਫ਼ੈਸਲਾ ਲਿਆ ਗਿਆ ਹੈ। ਸਾਬਕਾ ਮੁੱਖ ਮੰਤਰੀ ਬਾਦਲ ਨੂੰ ਉਨ੍ਹਾਂ ਦੀ ਮਰਜ਼ੀ ਮੁਤਾਬਕ ਸਰਕਾਰੀ ਰਿਹਾਇਸ਼ ਮੁਹੱਈਆ ਕਰਵਾਈ ਜਾਵੇਗੀ ਜਿੱਥੇ ਉਹ ਜਿੰਨਾ ਚਿਰ ਚਾਹੁਣ, ਰਹਿ ਸਕਦੇ ਹਨ। ਇਸ ਸਬੰਧੀ ਨੀਤੀ ਵਿਚ ਲੋੜੀਂਦੀ ਸੋਧ ਵੀ ਕੀਤੀ ਜਾ ਰਹੀ ਹੈ। ਮੌਜੂਦਾ ਨੀਤੀ ਮੁਤਾਬਕ ਸੂਬੇ ਵਿਚ ਸਾਬਕਾ ਮੁੱਖ ਮੰਤਰੀਆਂ ਦੀ ਸਰਕਾਰੀ ਰਿਹਾਇਸ਼ ਲਈ ਕੋਈ ਪ੍ਰਬੰਧ ਨਹੀਂ ਹੈ। ਸੂਬੇ ਦੀ ਪਿਛਲੀ ਕਾਂਗਰਸ ਸਰਕਾਰ ਨੇ ਸਾਬਕਾ ਮੁੱਖ ਮੰਤਰੀਆਂ ਦੀ ਰਿਹਾਇਸ਼ ਦਾ ਪ੍ਰਬੰਧ ਕੀਤਾ ਸੀ, ਜਿਸ ਨੂੰ ਅਕਾਲੀ ਸਰਕਾਰ ਨੇ ਖ਼ਤਮ ਕਰ ਦਿੱਤਾ ਸੀ। ਸਾਬਕਾ ਮੁੱਖ ਮੰਤਰੀ ਨੂੰ ਦੋ ਸਟੈਨੋਗ੍ਰਾਫਰ, ਡਾਕਟਰ, ਸਰਕਾਰੀ ਵਾਹਨ ਅਤੇ ਸੁਰੱਖਿਆ ਵੀ ਦਿੱਤੀ ਜਾਵੇਗੀ।

# 5 ਰਾਜਾਂ ਦੇ ਨਵੇਂ ਚੁਣੇ ਵਿਧਾਇਕਾਂ 'ਚੋਂ 192 'ਅਪਰਾਧੀ'

ਚੰਡੀਗੜ੍ਹ, (ਸ.ਦ.ਅ.)-ਪਿਛਲੇ ਦਿਨੀਂ ਪੰਜ ਰਾਜਾਂ ਦੀਆਂ ਹੋਈਆਂ ਚੋਣਾਂ ਦੌਰਾਨ ਚੁਣੇ ਗਏ 689 ਵਿਧਾਇਕਾਂ ਵਿਚੋਂ 192 ਵਿਰੁੱਧ ਅਪਰਾਧਿਕ ਕੇਸ ਦਰਜ ਹਨ ਜਦਕਿ 540 ਵਿਧਾਇਕ ਕਰੋੜਪਤੀ ਹਨ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ਼ (ਏ.ਡੀ.ਆਰ.) ਅਤੇ ਨੈਸ਼ਨਲ ਇਲੈਕਸ਼ਨ ਵਾਚ ਦੇ ਮੁਖੀ ਮੇਜਰ ਜਨਰਲ (ਸੇਵਾਮੁਕਤ) ਅਨਿਲ ਵਰਮਾ ਤੇ ਬਾਨੀ ਮੈਂਬਰ ਜਗਦੀਪ ਚੋਕਰ ਵੱਲੋਂ ਜਾਰੀ ਕੀਤੀ ਰਿਪੋਰਟ ਅਨੁਸਾਰ ਪੰਜ ਰਾਜਾਂ ਉੱਤਰ ਪ੍ਰਦੇਸ਼, ਪੰਜਾਬ, ਉਤਰਾਖੰਡ, ਮਣੀਪੁਰ ਅਤੇ ਗੋਆ ਵਿਧਾਨ ਸਭਾ ਦੀਆਂ ਹੋਈਆਂ ਚੋਣਾਂ ਦੌਰਾਨ ਜਿੱਤੇ ਕੁੱਲ 690 ਵਿਧਾਇਕਾਂ ਵਿਚੋਂ 689 ਵਿਧਾਇਕਾਂ ਦੇ ਕੀਤੇ ਵਿਸ਼ਲੇਸ਼ਣ ਦੌਰਾਨ ਸਾਹਮਣੇ ਆਇਆ ਹੈ ਕਿ ਇਨ੍ਹਾਂ ਵਿਚੋਂ 28 ਫੀਸਦੀ (192) ਵਿਧਾਇਕਾਂ ਵਿਰੁੱਧ ਅਪਰਾਧਿਕ ਕੇਸ ਦਰਜ ਹਨ।

ਜਿਹੜੇ 192 ਵਿਧਾਇਕਾਂ ਵਿਰੁੱਧ ਅਪਰਾਧਿਕ ਕੇਸ ਦਰਜ ਹਨ, ਉਨ੍ਹਾਂ ਵਿਚੋਂ 140 ਵਿਰੁੱਧ ਕਤਲ, ਇਰਾਦਾ ਕਤਲ, ਬਲਾਤਕਾਰ, ਮਹਿਲਾਵਾਂ ਨਾਲ ਸ਼ੋਸ਼ਣ ਕਰਨ ਆਦਿ ਜਿਹੇ ਕੇਸ ਦਰਜ ਹਨ। ਏ.ਡੀ.ਆਰ. ਵੱਲੋਂ ਜਾਰੀ ਅੰਕੜਿਆਂ ਅਨੁਸਾਰ ਉੱਤਰ ਪ੍ਰਦੇਸ਼ ਵਿਚ ਕੁਲ 402 ਵਿਧਾਇਕਾਂ ਵਿਚੋਂ 143 (36 ਫੀਸਦੀ), ਉਤਰਾਖੰਡ ਦੇ ਕੁੱਲ 70 ਵਿਧਾਇਕਾਂ ਵਿਚੋਂ 22 (31 ਫੀਸਦੀ), ਗੋਆ ਦੇ ਕੁੱਲ 40 ਵਿਧਾਇਕਾਂ ਵਿਚੋਂ 9 (23 ਫੀਸਦੀ), ਪੰਜਾਬ ਦੇ ਕੁੱਲ 117 ਵਿਧਾਇਕਾਂ ਵਿਚੋਂ 16 (14 ਫੀਸਦੀ) ਅਤੇ ਮਣੀਪੁਰ ਦੇ ਕੁੱਲ 60 ਵਿਧਾਇਕਾਂ ਵਿਚੋਂ 2 (3 ਫੀਸਦੀ) ਵਿਧਾਇਕਾਂ ਵਿਰੁੱਧ ਅਪਰਾਧਿਕ ਕੇਸ ਦਰਜ ਹਨ। ਦੱਸਣਯੋਗ ਹੈ ਕਿ ਇਨ੍ਹਾਂ ਵਿਧਾਇਕਾਂ ਵੱਲੋਂ ਖ਼ੁਦ ਚੋਣ ਕਮਿਸ਼ਨ ਨੂੰ ਦਿੱਤੇ ਹਲਫ਼ਨਾਮੇ ਵਿਚ ਇਹ ਖੁਲਾਸੇ ਕੀਤੇ ਹਨ। ਹੈਰਾਨੀਜਨਕ ਅੰਕੜਿਆਂ ਅਨੁਸਾਰ ਉੱਤਰ ਪ੍ਰਦੇਸ਼ ਦੇ 117, ਪੰਜਾਬ ਦੇ 11, ਉਤਰਾਖੰਡ ਦੇ 14, ਮਣੀਪੁਰ ਦੇ 2 ਅਤੇ ਗੋਆ ਦੇ 6 ਵਿਧਾਇਕਾਂ ਵਿਰੁੱਧ ਗੰਭੀਰ ਅਪਰਾਧਕ ਕੇਸ ਦਰਜ ਹਨ। ਇਸ ਤਰ੍ਹਾਂ ਪੰਜ ਰਾਜਾਂ ਦੇ ਚੁਣੇ 20 ਫੀਸਦ ਵਿਧਾਇਕਾਂ ਵਿਰੁੱਧ ਅਜਿਹੇ ਗੰਭੀਰ ਕੇਸ ਦਰਜ ਹਨ ਜੋ ਸਾਬਤ ਹੋਣ 'ਤੇ ਉਨ੍ਹਾਂ ਨੂੰ ਪੰਜ ਸਾਲ ਦੀ ਕੈਦ ਹੋ ਸਕਦੀ ਹੈ।

### ਪ੍ਰਕਾਸ਼ ਸਿੰਘ ਬਾਦਲ ਸਭ ਤੋਂ ਵੱਡੇਰੀ ਉਮਰ ਦੇ ਵਿਧਾਇਕ

ਪੰਜ ਰਾਜਾਂ ਵਿਚੋਂ ਚੁਣੇ ਗਏ 689 ਵਿਧਾਇਕਾਂ ਵਿਚੋਂ 329 (48 ਫੀਸਦੀ) ਵਿਧਾਇਕਾਂ ਦੀ ਉਮਰ 25 ਤੋਂ 50 ਸਾਲ ਦਰਮਿਆਨ ਹੈ। ਇਸੇ ਤਰ੍ਹਾਂ 358 (52 ਫੀਸਦੀ) ਵਿਧਾਇਕਾਂ ਦੀ ਉਮਰ 51 ਤੋਂ 80 ਸਾਲਾਂ ਦਰਮਿਆਨ ਹੈ ਜਦਕਿ ਕੁੱਝ ਇਸ ਤੋਂ ਵੀ ਵੱਧ ਉਮਰ ਦੇ ਵਿਧਾਇਕ ਚੁਣੇ ਗਏ ਹਨ, ਜਿਨ੍ਹਾਂ ਵਿਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੀ ਸ਼ਾਮਲ ਹਨ।

# 'ਕਰੋੜਪਤੀ' ਵਿਧਾਇਕਾਂ ਵਿਚ ਪੰਜਾਬ ਦਾ ਨੰਬਰ ਦੂਜਾ

ਏ.ਡੀ.ਆਰ. ਵੱਲੋਂ ਜਾਰੀ ਅੰਕੜਿਆਂ ਅਨੁਸਾਰ ਪੰਜ ਰਾਜਾਂ ਦੇ ਚੁਣੇ 689 ਵਿਧਾਇਕਾਂ ਵਿਚੋਂ 540 ਭਾਵ 78 ਫੀਸਦੀ ਕਰੋੜਪਤੀ ਹਨ ਜਦਕਿ ਸਾਲ 2012 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਰਾਜਾਂ ਦੇ 456 (67 ਫੀਸਦੀ) ਵਿਧਾਇਕ ਕਰੋੜਪਤੀ ਸਨ। ਰਿਪੋਰਟ ਅਨੁਸਾਰ ਉੱਤਰ ਪ੍ਰਦੇਸ਼ ਦੇ ਕੁੱਲ 402 ਵਿਧਾਇਕਾਂ ਵਿਚੋਂ 322 (80 ਫੀਸਦੀ), ਪੰਜਾਬ ਦੇ 117 ਵਿਧਾਇਕਾਂ ਵਿਚੋਂ 95 (81 ਫੀਸਦੀ), ਉਤਰਾਖੰਡ ਦੇ 70 ਵਿਧਾਇਕਾਂ ਵਿਚੋਂ 51 (73 ਫੀਸਦੀ), ਮਣੀਪੁਰ ਦੇ 60 ਵਿਧਾਇਕਾਂ ਵਿਚੋਂ 32 (53 ਫੀਸਦੀ) ਅਤੇ ਗੋਆ ਦੇ 100 ਫੀਸਦੀ ਭਾਵ ਸਮੂਹ 40 ਵਿਧਾਇਕ ਹੀ ਕਰੋੜਪਤੀ ਹਨ।

ਵਿਧਾਇਕਾਂ ਦੇ ਕਰੋੜਪਤੀਆਂ ਦੇ ਮਾਮਲੇ ਵਿਚ ਪੰਜਾਬ ਦੂਸਰੇ ਨੰਬਰ 'ਤੇ ਆਉਂਦਾ ਹੈ। ਪੰਜਾਬ ਦੇ ਸਭ ਤੋਂ ਅਮੀਰ ਵਿਧਾਇਕਾਂ ਵਿਚ ਹੁਕਮਰਾਨ ਪਾਰਟੀ ਦੇ ਕਪੂਰਥਲਾ ਦੇ ਰਾਣਾ ਗੁਰਜੀਤ ਸਿੰਘ ਹਨ, ਜਿਨ੍ਹਾਂ ਦੀ ਕੁੱਲ ਜਾਇਦਾਦ 169 ਕਰੋੜ ਰੁਪਏ ਹੈ। ਪੰਜਾਬ ਦੇ ਦੂਸਰੇ ਸਭ ਤੋਂ ਅਮੀਰ ਵਿਧਾਇਕਾਂ ਵਿਚ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਹਨ, ਜਿਨ੍ਹਾਂ ਦੀ ਕੁੱਲ ਜਾਇਦਾਦ 102 ਕਰੋੜ ਰੁਪਏ ਹੈ। ਆਮ ਆਦਮੀ ਪਾਰਟੀ ਦੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਅਮੀਰੀ ਦੇ ਮਾਮਲੇ ਵਿਚ ਤੀਸਰੇ ਨੰਬਰ 'ਤੇ ਹਨ। ਉਨ੍ਹਾਂ ਦੀ ਜਾਇਦਾਦ 66 ਕਰੋੜ ਰੁਪਏ ਤੋਂ ਵੱਧ ਹੈ। ਵਿਧਾਇਕਾਂ ਦੇ ਕਰੋੜਪਤੀ ਹੋਣ ਦੇ ਮਾਮਲੇ 'ਚ ਗੋਆ ਪਹਿਲੇ ਅਤੇ ਉਤਰ ਪ੍ਰਦੇਸ਼ ਤੀਸਰੇ ਨੰਬਰ 'ਤੇ ਹੈ।

# ਵਿਧਾਇਕ ਰਾਣਾ ਕੇ.ਪੀ. ਬਣੇ ਪੰਜਾਬ ਦੇ ਆਰਜ਼ੀ ਸਪੀਕਰ


ਰਾਜ ਭਵਨ ਚੰਡੀਗੜ੍ਹ ਵਿਚ ਸੋਮਵਾਰ ਨੂੰ ਰਾਣਾ ਕੰਵਰਪਾਲ ਸਿੰਘ ਨੂੰ ਆਰਜ਼ੀ ਸਪੀਕਰ ਵਜੋਂ ਸਹੁੰ ਚੁਕਾ ਰਹੇ ਰਾਜਪਾਲ ਵੀ.ਪੀ. ਸਿੰਘ ਬਦਨੌਰ।

ਚੰਡੀਗੜ੍ਹ, (ਸ.ਦ.ਅ.)-ਪੰਜਾਬ ਦੇ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੇ ਸੋਮਵਾਰ ਨੂੰ ਸੀਨੀਅਰ ਵਿਧਾਇਕ ਰਾਣਾ ਕੰਵਰਪਾਲ ਸਿੰਘ ਨੂੰ 15ਵੀਂ ਵਿਧਾਨ ਸਭਾ ਦੇ ਮੈਂਬਰ ਵਜੋਂ ਸਰਕਾਰੀ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਉਣ ਪਿੱਛੋਂ ਪ੍ਰੋਟਮ ਸਪੀਕਰ ਨਿਯੁਕਤ ਕੀਤਾ ਹੈ। ਕੰਵਰਪਾਲ ਸਿੰਘ ਆਨੰਦਪੁਰ ਸਾਹਿਬ ਤੋਂ ਵਿਧਾਇਕ ਹਨ। ਉਨ੍ਹਾਂ ਨੂੰ ਰਾਜ ਭਵਨ ਵਿਚ ਹੋਏ ਸਮਾਗਮ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹਾਜ਼ਰੀ ਵਿਚ ਸਹੁੰ ਚੁਕਾਈ ਗਈ।

ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੇ ਸਹੁੰ ਚੁੱਕ ਰਸਮ ਦੀ ਕਾਰਵਾਈ ਚਲਾਈ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਰਾਜਪਾਲ ਨੇ ਭਾਰਤੀ ਸੰਵਿਧਾਨ ਦੀ ਧਾਰਾ 188 ਅਧੀਨ ਆਪਣੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਰਾਣਾ ਕੰਵਰਪਾਲ ਸਿੰਘ ਨੂੰ ਪ੍ਰੋਟਮ ਸਪੀਕਰ ਨਿਯੁਕਤ ਕੀਤਾ ਹੈ, ਜੋ ਪੰਜਾਬ ਵਿਧਾਨ ਸਭਾ ਦੇ ਚੁਣੇ ਗਏ ਹੋਰਨਾਂ ਮੈਂਬਰਾਂ ਨੂੰ ਸਹੁੰ ਚਕਾਉਣਗੇ। ਉਹ ਨਵੇਂ ਵਿਧਾਇਕਾਂ ਨੂੰ 24 ਮਾਰਚ ਤੋਂ ਸੱਦੇ ਗਏ ਵਿਧਾਨ ਸਭਾ ਦੇ ਪਹਿਲੇ ਇਜਲਾਸ ਦੌਰਾਨ ਸਹੁੰ ਚੁਕਾਉਣਗੇ। ਸਮਾਗਮ ਵਿਚ ਰਾਣਾ ਦੇ ਕਰੀਬੀ ਰਿਸ਼ਤੇਦਾਰ ਵੀ ਹਾਜ਼ਰ ਸਨ।

# 3 ਆਈ.ਏ.ਐੱਸ. ਜੋੜੇ ਸੰਭਾਲਣਗੇ ਛੇ ਜ਼ਿਲ੍ਹਿਆਂ ਦੀ ਕਮਾਨ

ਫਿਰੋਜ਼ਪੁਰ, (ਸ.ਦ.ਅ.)-ਸੱਤਾ ਪਰਿਵਰਤਨ ਮਗਰੋਂ ਸ਼ੁਰੂ ਹੋਈ ਨੌਕਰਸ਼ਾਹਾਂ ਦੀਆਂ ਬਦਲੀਆਂ ਦੀ ਕਵਾਇਦ ਤੋਂ ਬਾਅਦ ਸੂਬੇ ਵਿਚ ਪਹਿਲੀ ਵਾਰ ਤਿੰਨ ਆਈ.ਏ.ਐੱਸ. ਜੋੜੇ ਛੇ ਜ਼ਿਲ੍ਹਿਆਂ ਦੀ ਕਮਾਨ ਸੰਭਾਲਣਗੇ। ਇੰਨਾ ਹੀ ਨਹੀਂ, ਨਵੀਂ ਪਹਿਲ ਤਹਿਤ ਪਹਿਲੀ ਵਾਰ ਛੇ ਮਹਿਲਾ ਅਫਸਰਾਂ ਨੂੰ ਇਸ ਸਰਹੱਦੀ ਸੂਬੇ ਵਿਚ ਡਿਪਟੀ ਕਮਿਸ਼ਨਰ ਲਾਇਆ ਗਿਆ ਹੈ। ਇਸ ਦੇ ਨਾਲ ਹੀ ਦੋ ਮਹਿਲਾ ਪੁਲਿਸ ਅਫਸਰਾਂ ਨੂੰ ਐੱਸ.ਐੱਸ.ਪੀ. ਲਾਇਆ ਗਿਆ ਹੈ।

ਅਕਾਲੀ-ਭਾਜਪਾ ਸਰਕਾਰ ਸਮੇਂ ਸਿਰਫ ਇਕ ਹੀ ਆਈ.ਏ.ਐੱਸ. ਜੋੜਾ (ਸੁਮੀਤ ਜਾਰੰਗਲ ਅਤੇ ਇਸ਼ਾ ਕਾਲੀਆ) ਜੋ 2009 ਬੈਚ ਦਾ ਸੀ, ਨੂੰ ਮੁਕਤਸਰ ਅਤੇ ਫਾਜ਼ਿਲਕਾ ਜ਼ਿਲ੍ਹਿਆਂ ਦੀ ਕਮਾਨ ਮਿਲੀ ਸੀ। ਇਹ ਜ਼ਿਲ੍ਹੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨਾਲ ਸੰਬੰਧਿਤ ਹਨ। ਇਸ ਜੋੜੇ ਨੂੰ ਫੇਰਬਦਲ ਦੌਰਾਨ ਜਿਥੇ ਉਥੇ ਹੀ ਰਹਿਣ ਦਿੱਤਾ ਗਿਆ, ਉਥੇ ਦੋ ਹੋਰ ਜੋੜਿਆਂ ਵਿਪੁਲ ਉੱਜਵਲ ਅਤੇ ਸੋਨਾਲੀ ਗਿਰੀ (ਦੋਵੇਂ 2009 ਬੈਚ) ਦੇ ਨਾਲ ਨਾਲ ਅਮਿਤ ਕੁਮਾਰ ਤੇ ਨੀਲਿਮਾ (2008 ਬੈਚ) ਨੂੰ ਡਿਪਟੀ ਕਮਿਸ਼ਨਰ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਇਸੇ ਤਰ੍ਹਾਂ ਗੁਰਪ੍ਰੀਤ ਕੌਰ ਸਪਰਾ (2006 ਬੈਚ), ਕੰਵਲਪ੍ਰੀਤ ਕੌਰ ਬਰਾੜ (2007 ਬੈਚ) ਅਤੇ ਗੁਰਨੀਤ ਤੇਜ (2007 ਬੈਚ) ਨੂੰ ਕ੍ਰਮਵਾਰ ਮੋਹਾਲੀ, ਫਤਿਹਗੜ੍ਹ ਸਾਹਿਬ ਅਤੇ ਰੋਪੜ ਦਾ ਡੀ. ਸੀ. ਲਾਇਆ ਗਿਆ ਹੈ। ਇਸ ਲਿਸਟ ਵਿਚ ਹੋਰ ਇਜ਼ਾਫਾ ਕਰਦਿਆਂ ਕੁਮਾਰ ਅਮਿਤ (2010 ਬੈਚ) ਨੂੰ ਪਟਿਆਲਾ ਦਾ ਡਿਪਟੀ ਕਮਿਸ਼ਨਰ, ਜਦੋਂ ਕਿ ਪਤਨੀ ਅਲਕਾ ਮੀਨਾ (2010 ਬੈਚ) ਜੋ ਕਪੂਰਥਲਾ ਵਿਚ ਐੱਸ.ਐੱਸ.ਪੀ. ਸਨ, ਨੂੰ ਇਸੇ ਅਹੁਦੇ 'ਤੇ ਫਤਿਹਗੜ੍ਹ ਸਾਹਿਬ ਵਿਚ ਤਬਦੀਲ ਕੀਤਾ ਗਿਆ ਹੈ।

# ਕੈਪਟਨ ਸਰਕਾਰ ਗੁਰੂ ਗ੍ਰੰਥ ਸਾਹਿਬ ਬੇਅਦਬੀ ਕਾਂਡਾਂ ਦੇ ਦੋਸ਼ੀਆਂ ਨੂੰ ਦਿਵਾਵੇ ਸਜ਼ਾਵਾਂ : ਮੁਤਵਾਜ਼ੀ ਜਥੇਦਾਰ



ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ, ਭਾਈ ਅਮਰੀਕ ਸਿੰਘ ਅਜਨਾਲਾ ਅਤੇ ਭਾਈ ਬਲਜੀਤ ਸਿੰਘ ਦਾਦੂਵਾਲ ਦੀ ਫਾਈਲ ਫੋਟੋ।

ਤਲਵੰਡੀ ਸਾਬੋ, (ਸ.ਦ.ਅ.)-ਮੁਤਵਾਜ਼ੀ ਜਥੇਦਾਰਾਂ ਨੇ ਜਾਰੀ ਕੀਤੇ ਆਪਣੇ ਸਾਂਝੇ ਬਿਆਨ ਵਿਚ ਕਿਹਾ ਕਿ ਪੰਜਾਬ ਦੀ ਨਵੀਂ ਬਣੀ ਕੈਪਟਨ ਸਰਕਾਰ ਹੁਣ ਬਰਗਾੜੀ ਸਮੇਤ ਪਿਛਲੇ ਸਮੇਂ ਵਿਚ ਪੰਜਾਬ ਅੰਦਰ ਵਾਪਰੀਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਦੋਸ਼ੀਆਂ ਦੀ ਭਾਲ ਕਰਕੇ ਉਨ੍ਹਾਂ ਨੂੰ ਯੋਗ ਸਜ਼ਾਵਾਂ ਦਿਵਾ ਕੇ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਕਥਿਤ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰੇ ਅਤੇ ਵਿਧਾਨ ਸਭਾ ਚੋਣਾਂ ਦੌਰਾਨ ਕੀਤੇ ਵਾਅਦੇ ਪੂਰੇ ਕਰੇ। ਸਰਬੱਤ ਖ਼ਾਲਸਾ ਵੱਲੋਂ ਅਕਾਲ ਤਖ਼ਤ ਦੇ ਥਾਪੇ ਗਏ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੀ ਸਹਿਮਤੀ ਨਾਲ ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਭਾਈ ਬਲਜੀਤ ਸਿੰਘ ਖ਼ਾਲਸਾ ਦਾਦੂਵਾਲ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਸਰਬੱਤ ਖ਼ਾਲਸਾ ਕੰਟਰੋਲ ਰੂਮ ਤੋਂ ਜਾਰੀ ਬਿਆਨ ਵਿਚ ਕਿਹਾ ਕਿ ਵੋਟਾਂ ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਨੇ ਜੋ ਵਾਅਦੇ ਕੀਤੇ ਸਨ ਉਨ੍ਹਾਂ 'ਤੇ ਵਿਸ਼ਵਾਸ ਕਰਦਿਆਂ ਪੰਜਾਬੀਆਂ ਨੇ ਉਨ੍ਹਾਂ ਦੇ ਹੱਕ ਵਿਚ ਫ਼ਤਵਾ ਦੇ ਕੇ ਕੈਪਟਨ ਦੀ ਸਰਕਾਰ ਕਾਇਮ ਕੀਤੀ ਹੈ। ਹੁਣ ਜਦੋਂ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੀ ਕੈਬਨਿਟ ਨੇ ਸਹੁੰ ਵੀ ਚੁੱਕ ਲਈ ਹੈ ਤਾਂ ਉਨ੍ਹਾਂ ਦਾ ਇਖ਼ਲਾਕੀ ਫ਼ਰਜ਼ ਬਣਦਾ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਦੇ ਨਾਲ-ਨਾਲ ਕੈਪਟਨ ਸਰਕਾਰ ਬਹਿਬਲ ਕਲਾਂ ਗੋਲੀ ਕਾਂਡ, ਜਿਸ ਵਿਚ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਦੋ ਸਿੰਘ ਭਾਈ ਗੁਰਜੀਤ ਸਿੰਘ ਸਰਾਵਾਂ ਅਤੇ ਭਾਈ ਕ੍ਰਿਸ਼ਨ ਭਗਵਾਨ ਸਿੰਘ ਨਿਆਮੀਵਾਲਾ ਸ਼ਹੀਦ ਹੋ ਗਏ ਸਨ, ਦੇ ਦੋਸ਼ੀ ਪੁਲਿਸ ਅਧਿਕਾਰੀਆਂ ਖ਼ਿਲਾਫ਼ ਬਣਦੀ ਕਾਰਵਾਈ ਕਰਕੇ ਉਨ੍ਹਾਂ ਨੂੰ ਸਜ਼ਾਵਾਂ ਦਿਵਾਵੇ। ਜਥੇਦਾਰਾਂ ਨੇ ਕਿਹਾ ਕਿ ਜਿੱਥੇ ਕੈਪਟਨ ਸਰਕਾਰ ਗੋਲੀ ਕਾਂਡ ਸਬੰਧੀ ਗਠਿਤ ਜਾਂਚ ਕਮਿਸ਼ਨਾਂ ਦੀ ਰਿਪੋਰਟ ਜਨਤਕ ਕਰੇ, ਉੱਥੇ ਹੀ ਮੋਹਾਲੀ ਵਿਖੇ ਗੁਰਬਾਣੀ ਲਿਖੇ ਪੱਤਰਿਆਂ ਦੀਆਂ ਪਲੇਟਾਂ ਬਣਾ ਰਹੇ ਲੋਕਾਂ ਉੱਪਰ ਤੁਰੰਤ ਕਾਰਵਾਈ ਕਰੇ ਤਾਂ ਜੋ ਅੱਗੇ ਤੋਂ ਕੋਈ ਗੁਰਬਾਣੀ ਸ਼ਬਦਾਂ ਦੀ ਬੇਅਦਬੀ ਕਰਨ ਦੀ ਜੁਰੱਅਤ ਨਾ ਸਕੇ। ਮੁਤਵਾਜ਼ੀ ਜਥੇਦਾਰਾਂ ਨੇ ਪਿਛਲੀ ਅਕਾਲੀ-ਭਾਜਪਾ ਸਰਕਾਰ ਵੱਲੋਂ ਦਰਜ ਕੀਤੇ ਗਏ ਝੂਠੇ ਕੇਸਾਂ ਨੂੰ ਤੁਰੰਤ ਖਾਰਜ ਕਰਨ ਲਈ ਕਿਹਾ ਹੈ। ਉਨ੍ਹਾਂ ਕੈਪਟਨ ਸਰਕਾਰ ਤੋਂ ਜੇਲ੍ਹਾਂ ਵਿਚ ਬੰਦੀ ਸਿੰਘਾਂ ਦੀ ਰਿਹਾਈ, ਸਾਰੇ ਧਰਮ ਗ੍ਰੰਥਾਂ ਦਾ ਸਤਿਕਾਰ ਬਹਾਲ ਰੱਖਣ ਲਈ ਯਤਨ ਕਰਨ ਅਤੇ ਪੰਜਾਬ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਠੋਸ ਉਪਰਾਲੇ ਕਰਨ ਲਈ ਵੀ ਕਿਹਾ।

# ਪੰਜਾਬ ਸਰਕਾਰ ਕਰਜ਼ੇ ਦਾ ਬੋਝ ਘਟਾਉਣ ਲਈ ਸਰਗਰਮ : ਮਨਪ੍ਰੀਤ ਬਾਦਲ



ਮਨਪ੍ਰੀਤ ਬਾਦਲ

**ਮਾਹਿਰਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ**

ਕਿਸਾਨਾਂ ਸਿਰ ਚੜ੍ਹੇ ਕਰਜ਼ੇ ਦਾ ਨਿਪਟਾਰਾ ਕਰਨ ਲਈ ਰਾਜ ਸਰਕਾਰ ਨੇ ਵਜ਼ਾਰਤ ਦੀ ਸਬ ਕਮੇਟੀ ਬਣਾਉਣ ਦਾ ਫੈਸਲਾ ਕੀਤਾ ਹੈ ਤੇ ਇਸ ਵਿਚ ਮਾਹਿਰਾਂ ਦੀਆਂ ਸੇਵਾਵਾਂ ਲਈਆਂ ਜਾਣਗੀਆਂ। ਕਰਜ਼ਾ ਮੁਆਫੀ ਲਈ ਤਹਿਸੀਲ ਪੱਧਰ 'ਤੇ ਕਰਜ਼ਾ ਮੁਆਫੀ ਬੋਰਡ ਬਣਾਏ ਜਾਣਗੇ।

ਚੰਡੀਗੜ੍ਹ,(ਸ.ਦ.ਅ.)-ਪੰਜਾਬ 'ਚ ਕਾਂਗਰਸ ਨੇ ਸੱਤਾ ਸੰਭਾਲਦਿਆਂ ਸੂਬੇ ਸਿਰ ਚੜ੍ਹੇ 1.82 ਲੱਖ ਕਰੋੜ ਦੇ ਕਰਜ਼ੇ ਦਾ ਬੋਝ ਘਟਾਉਣ ਲਈ ਗੰਭੀਰਤਾ ਨਾਲ ਯਤਨ ਆਰੰਭ ਕਰ ਦਿਤੇ ਹਨ ਤੇ ਸਰਕਾਰ ਵੱਲੋਂ ਜਲਦੀ ਹੀ ਅਜਿਹੇ ਕਦਮ ਚੁੱਕੇ ਜਾ ਰਹੇ ਹਨ ਜਿਸ ਨਾਲ ਕਰਜ਼ੇ ਦੇ ਬੋਝ ਨੂੰ ਘਟਾਉਣਾ ਆਸਾਨ ਹੋ ਜਾਵੇਗਾ ਤੇ ਇਸ ਨਾਲ ਲੀਹੋਂ ਲੱਥ ਚੁੱਕੇ ਸੂਬੇ ਦੇ ਅਰਥਚਾਰੇ ਨੂੰ ਪੈਰਾਂ ਸਿਰ ਕਰਨ ਵਿਚ ਮਦਦ ਮਿਲੇਗੀ। ਖਰਚੇ ਘਟਾਉਣ ਅਤੇ ਕਈ ਕਮਿਸ਼ਨ ਬੰਦ ਕਰਨ ਲਈ ਕਾਂਗਰਸ ਸਰਕਾਰ ਨੇ ਖਰਚਾ ਸੁਧਾਰ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਹੈ। ਖਰਚਾ ਸੁਧਾਰ ਕਮਿਸ਼ਨ ਦੀ ਰਿਪੋਰਟ ਦੋ ਮਹੀਨਿਆਂ ਵਿਚ ਆਉਣ ਦੀ ਉਮੀਦ ਹੈ ਤੇ ਇਸ ਰਿਪੋਰਟ ਦੇ ਅਧਾਰ 'ਤੇ ਹੀ ਕਮਿਸ਼ਨ ਖ਼ਤਮ ਕਰਨ ਜਾਂ ਇਨ੍ਹਾਂ ਦਾ ਅਕਾਰ ਘਟਾਉਣ ਬਾਰੇ ਫੈਸਲੇ ਲਏ ਜਾਣਗੇ। ਇਸ 1.82 ਲੱਖ ਕਰੋੜ ਦੇ ਕਰਜ਼ੇ ਵਿਚ ਇਕ ਲੱਖ ਕਰੋੜ ਦਾ ਕਰਜ਼ਾ 9 ਫੀਸਦੀ ਤੋਂ ਵਿਆਜ 'ਤੇ ਲਿਆ ਹੋਇਆ ਹੈ ਤੇ ਜੇਕਰ ਇਸ ਕਰਜ਼ੇ ਨੂੰ ਘੱਟ ਵਿਆਜ ਦਰ ਭਾਵ ਸੱਤ ਫੀਸਦੀ ਵਾਲੇ ਕਰਜ਼ੇ ਵਿਚ ਤਬਦੀਲ ਕਰਵਾ ਲਿਆ ਜਾਵੇਗਾ ਤਾਂ ਰਾਜ ਸਰਕਾਰ ਦੇ ਹਰ ਸਾਲ ਦੋ ਹਜ਼ਾਰ ਕਰੋੜ ਰੁਪਏ ਬਿਨਾਂ ਕੋਈ ਮੁਸ਼ੱਕਤ ਕੀਤਿਆਂ ਹੀ ਬਚ ਜਾਣਗੇ। ਇਸ ਲਈ ਜੇਕਰ ਬਾਂਡ ਜਾਰੀ ਕਰਨ ਦੀ ਲੋੜ ਪਵੇਗੀ ਤੇ ਉਸ ਲਈ ਸੂਬਾ ਸਰਕਾਰ ਤਿਆਰ ਹੈ। ਇਸ ਸਬੰਧ ਵਿਚ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ,ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਤੇ ਹੋਰ ਕੇਂਦਰੀ ਮੰਤਰੀਆਂ ਨੂੰ ਅਗਲੇ ਕੁਝ ਦਿਨਾਂ ਵਿਚ ਮਿਲਣਗੇ ਤੇ ਕੇਂਦਰ ਸਰਕਾਰ 'ਤੇ ਜ਼ੋਰ ਪਾਉਣਗੇ ਕਿ ਸੂਬੇ ਨੂੰ ਕਰਜ਼ੇ ਦੇ ਬੋਝ ਹੇਠੋਂ ਕੱਢਣ ਵਿਚ ਮਦਦ ਕੀਤੀ ਜਾਵੇ। ਇਹ ਵੀ ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਨੇ ਖ਼ੁਦ ਵੀ ਪੰਜਾਬ ਸਰਕਾਰ ਨੂੰ ਸਹਿਯੋਗ ਦੇਣ ਦੀ ਪੇਸ਼ਕਸ਼ ਕੀਤੀ ਹੈ। ਪਹਿਲੀ ਮਿਲਣੀ ਵਿਚ ਕੁਝ ਅਹਿਮ ਮੁੱਦਿਆਂ ਤੇ ਗੱਲਬਾਤ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਪੰਜਾਬ ਨੂੰ ਅਨਾਜ ਦੀ ਖਰੀਦ ਵਿਚ ਹੋਈਆਂ ਬੇਨਿਯਮੀਆਂ ਲਈ 31,000 ਕਰੋੜ ਰੁਪਏ ਭਰਨੇ ਪੈ ਰਹੇ ਹਨ । ਇਸ ਸਬੰਧ ਵਿਚ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਨੇ ਕੇਵਲ 12,000 ਕਰੋੜ ਰੁਪਏ ਅਦਾ ਕਰਨੇ ਸਨ ਪਰ ਇਸ ਪੈਸੇ 'ਤੇ ਕੇਂਦਰ ਵਲੋਂ ਬਹੁਤ ਜ਼ਿਆਦਾ ਵਿਆਜ ਲਗਾਏ ਜਾਣ ਕਰਕੇ ਪੈਸਾ ਵੱਧ ਕੇ 31,000 ਕਰੋੜ ਹੋ ਗਿਆ ਹੈ। ਇਸ ਵਿਚ ਕਈ ਬੇਨਿਯਮੀਆਂ ਹੋਈਆਂ ਹਨ ਤੇ ਇਸ ਮਾਮਲੇ ਵਿਚ ਨਵੀਂ ਸਰਕਾਰ ਤਹਿ ਤਕ ਜਾਣਾ ਚਾਹੁੰਦੀ ਹੈ। ਇਸ ਲਈ ਜਾਂਚ ਕਰਵਾਉਣ ਸਮੇਤ ਹੋਰ ਪੱਖਾਂ ਤੇ ਚਰਚਾ ਸ਼ੁਰੂ ਹੋ ਚੁੱਕੀ ਹੈ। ਸੂਬੇ ਵਿਚ ਕਈ ਕਮਿਸ਼ਨ ਹਨ ਤੇ ਕਮਿਸ਼ਨਾਂ ਨੂੰ ਬੰਦ ਕਰਨ ਜਾਂ ਅਕਾਰ ਘਟਾਉਣ ਲਈ ਕਦਮ ਚੁੱਕੇ ਜਾਣਗੇ ਤਾਂ ਇਸ ਨਾਲ ਰਾਜ ਸਰਕਾਰ ਨੂੰ ਇਕ ਹਜ਼ਾਰ ਕਰੋੜ ਰੁਪਏ ਹੋਰ ਬਚਣ ਦੀ ਆਸ ਹੈ।

# ਅਮਰਿੰਦਰ 'ਤੇ ਭਾਰੀ ਪੈ ਸਕਦੈ ਤਨਖਾਹ ਕਮਿਸ਼ਨ ਰਿਪੋਰਟ ਲਾਗੂ ਕਰਨ ਦਾ ਵਾਅਦਾ



ਅਮਰਿੰਦਰ 'ਤੇ ਭਾਰੀ ਪੈ ਸਕਦੈ ਤਨਖਾਹ ਕਮਿਸ਼ਨ ਰਿਪੋਰਟ ਲਾਗੂ ਕਰਨ ਦਾ ਵਾਅਦਾ

ਚੰਡੀਗੜ੍ਹ, (ਸ.ਦ.ਅ.)-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਚੋਣਾਂ ਦੌਰਾਨ ਸੂਬੇ ਦੇ ਵੱਖ-ਵੱਖ ਵਰਗਾਂ ਨਾਲ ਕੀਤੇ ਵੱਡੇ ਵਾਅਦੇ ਸਰਕਾਰ ਲਈ ਵੱਡੀ ਸਿਰਦਰਦੀ ਬਣ ਸਕਦੇ ਹਨ। ਕੈਪਟਨ ਵੱਲੋਂ 2 ਫਰਵਰੀ ਨੂੰ ਚੋਣ ਪ੍ਰਚਾਰ ਦੌਰਾਨ ਪਟਿਆਲਾ ਵਿਖੇ ਬੜੇ ਜੋਸ਼ 'ਚ ਐਲਾਨ ਕੀਤਾ ਸੀ ਕਿ ਉਨ੍ਹਾਂ ਦੀ ਸਰਕਾਰ ਬਣਨ ਦੀ ਸੂਰਤ ਵਿਚ 15 ਅਪਰੈਲ ਤੱਕ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰ ਦਿੱਤੀ ਜਾਵੇਗੀ। ਸ਼ਾਇਦ ਕੈਪਟਨ ਵੱਲੋਂ ਇਹ ਬਿਆਨ ਦੇਣ ਤੋਂ ਪਹਿਲਾਂ ਤਨਖ਼ਾਹ ਕਮਿਸ਼ਨ ਦੀ ਸਥਿਤੀ ਉਪਰ ਝਾਤੀ ਨਹੀਂ ਮਾਰੀ ਗਈ ਜਾਪਦੀ ਸੀ ਕਿਉਂਕਿ ਪੰਜਾਬ ਦਾ ਛੇਵਾਂ ਤਨਖ਼ਾਹ ਕਮਿਸ਼ਨ ਫਿਲਹਾਲ ਆਪਣੀ ਮੁੱਢਲੀ ਪ੍ਰਕਿਰਿਆ 'ਤੇ ਹੀ ਅਟਕਿਆ ਪਿਆ ਹੈ ਜਿਸ ਕਾਰਨ ਇਕ ਮਹੀਨੇ ਵਿਚ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਕੋਈ ਸੰਭਾਵਨਾ ਹੀ ਨਹੀਂ ਜਾਪ ਰਹੀ। ਦੱਸਣਯੋਗ ਹੈ ਕਿ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮੁਲਾਜ਼ਮ ਜਥੇਬੰਦੀਆਂ ਨਾਲ ਸਾਲ 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਤੁਰੰਤ ਛੇਵੇਂ ਤਨਖ਼ਾਹ ਕਮਿਸ਼ਨ ਦੀ ਸਥਾਪਨਾ ਕਰਨ ਦਾ ਕੀਤਾ ਵਾਅਦਾ ਢਾਈ ਸਾਲਾਂ ਬਾਅਦ ਦਸੰਬਰ 2016 ਵਿਚ ਲਾਗੂ ਕੀਤਾ ਸੀ। ਬਾਦਲ ਸਰਕਾਰ ਵੱਲੋਂ ਤਨਖ਼ਾਹ ਕਮਿਸ਼ਨ ਦੇ ਚੇਅਰਮੈਨ ਸੂਬੇ ਦੇ ਸਾਬਕਾ ਮੁੱਖ ਸਕੱਤਰ ਆਰ.ਐੱਸ. ਮਾਨ ਨੂੰ ਨਿਯੁਕਤ ਕੀਤਾ ਹੈ। ਤਨਖ਼ਾਹ ਕਮਿਸ਼ਨ ਵੱਲੋਂ ਚੋਣਾਂ ਤੋਂ ਕੁਝ ਸਮਾਂ ਪਹਿਲਾਂ ਹੀ ਆਪਣੀ ਮੁੱਢਲੀ ਪ੍ਰਕਿਰਿਆ ਸ਼ੁਰੂ ਕਰਦਿਆਂ ਮੁਲਾਜ਼ਮ ਜਥੇਬੰਦੀਆਂ ਕੋਲੋਂ 15 ਜਨਵਰੀ ਤੱਕ ਮੈਮੋਰੰਡਮ ਮੰਗੇ ਸਨ ਪਰ ਖ਼ੁਦ ਮੁਲਾਜ਼ਮ ਜਥੇਬੰਦੀਆਂ ਵੱਲੋਂ ਇਹ ਮਿਤੀ ਵਧਾਉਣ ਦੀ ਮੰਗ ਕਰਨ ਕਾਰਨ ਮੈਮੋਰੰਡਮ ਹਾਸਲ ਕਰਨ ਦੀ ਪ੍ਰਕਿਰਿਆ ਠੱਪ ਹੋ ਗਈ ਸੀ। ਇਸ ਤੋਂ ਬਾਅਦ 11 ਮਾਰਚ ਤੱਕ ਚੋਣ ਜ਼ਾਬਤਾ ਲਾਗੂ ਹੋਣ ਕਾਰਨ ਤਨਖ਼ਾਹ ਕਮਿਸ਼ਨ ਖਾਮੋਸ਼ ਰਿਹਾ। ਹੁਣ ਨਵੀਂ ਸਰਕਾਰ ਆਉਣ 'ਤੇ ਤਨਖ਼ਾਹ ਕਮਿਸ਼ਨ ਦੇ ਚੇਅਰਮੈਨ ਸ੍ਰੀ ਮਾਨ ਅਤੇ ਹੋਰ ਨਿਯੁਕਤ ਕੀਤੇ ਮੈਂਬਰਾਂ ਦੀ ਅਦਲਾ-ਬਦਲੀ ਕਰਨ ਦੀ ਸੰਭਾਵਨਾ ਵੀ ਬਣ ਸਕਦੀ ਹੈ, ਜਿਸ ਕਾਰਨ ਕਮਿਸ਼ਨ ਦੀਆਂ ਸਾਰੀਆਂ ਸਰਗਰਮੀਆਂ ਠੱਪ ਹਨ। ਇਸ ਲਈ ਕੈਪਟਨ ਵੱਲੋਂ 15 ਅਪ੍ਰੈਲ ਤੱਕ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦਾ ਵਾਅਦਾ ਸਿਰੇ ਲੱਗਦਾ ਨਹੀਂ ਜਾਪਦਾ ਕਿਉਂਕਿ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨੀ ਬੜੀ ਲੰਮੇਰੀ ਪ੍ਰਕਿਰਿਆ ਹੈ। ਤਨਖ਼ਾਹ ਕਮਿਸ਼ਨ ਦੀ ਨਿਰਧਾਰਿਤ ਪ੍ਰਕਿਰਿਆ ਅਨੁਸਾਰ ਪਹਿਲਾਂ ਪੰਜਾਬ ਦੀਆਂ ਸਮੂਹ ਮੁਲਾਜ਼ਮ ਜਥੇਬੰਦੀਆਂ ਕੋਲੋਂ ਮੈਮੋਰੰਡਮ ਹਾਸਲ ਕੀਤੇ ਜਾਣਗੇ। ਉਸ ਤੋਂ ਬਾਅਦ ਸਮੂਹ ਜਥੇਬੰਦੀਆਂ ਦੇ ਵਫ਼ਦਾਂ ਨਾਲ ਕਮਿਸ਼ਨ ਦਾ ਰੂਬਰੂ ਹੋਵੇਗਾ। ਦੂਸਰੇ ਪਾਸੇ ਸੰਬੰਧਿਤ ਵਿਭਾਗਾਂ ਦੇ ਮੁਖੀਆਂ ਅਤੇ ਪ੍ਰਬੰਧਕੀ ਸਕੱਤਰ ਕੋਲੋਂ ਮੁਲਾਜ਼ਮਾਂ ਦੇ ਵੱਖ-ਵੱਖ ਵਰਗਾਂ ਦੇ ਤਨਖ਼ਾਹ ਸਕੇਲਾਂ ਬਾਬਤ ਸਿਫਾਰਸ਼ਾਂ ਹਾਸਲ ਕੀਤੀਆਂ ਜਾਣਗੀਆਂ। ਤਨਖ਼ਾਹ ਕਮਿਸ਼ਨ ਨੂੰ ਰਿਪੋਰਟ ਤਿਆਰ ਕਰਨ ਤੋਂ ਪਹਿਲਾਂ ਭਾਰਤ ਸਰਕਾਰ ਦੇ ਮੁਲਾਜ਼ਮਾਂ ਸਮੇਤ ਹੋਰ ਸੂਬਿਆਂ ਦੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਅਤੇ ਸੇਵਾ ਸ਼ਰਤਾਂ ਦੀ ਘੋਖ ਵੀ ਕਰਨੀ ਪੈਣੀ ਹੈ। ਇਸ ਦੌਰਾਨ ਤਨਖ਼ਾਹ ਕਮਿਸ਼ਨ ਵੱਲੋਂ ਸਮੂਹ ਵਿਭਾਗਾਂ ਦੇ ਮੁਖੀਆਂ ਤੇ ਪ੍ਰਬੰਧਕੀ ਸਕੱਤਰਾਂ ਨਾਲ ਮੀਟਿੰਗਾਂ ਦਾ ਦੌਰ ਵੀ ਚਲਾਇਆ ਜਾਵੇਗਾ। ਮੁਲਾਜ਼ਮ ਜਥੇਬੰਦੀਆਂ ਦੇ ਮੈਮੋਰੰਡਮਾਂ ਅਤੇ ਪ੍ਰਬੰਧਕੀ ਸਕੱਤਰਾਂ ਦੀਆਂ ਸਿਫਾਰਸ਼ਾਂ ਨੂੰ ਘੋਖਣ ਤੋਂ ਬਾਅਦ ਹੀ ਤਨਖ਼ਾਹ ਕਮਿਸ਼ਨ ਰਿਪੋਰਟ ਤਿਆਰ ਕਰਨ ਦੇ ਸਮਰੱਥ ਹੋਵੇਗਾ। ਪੰਜਾਬ ਸਕੱਤਰੇਤ ਦੇ ਸੂਤਰਾਂ ਅਨੁਸਾਰ ਪਿਛਲੇ ਤਜਰਬਿਆਂ ਦੇ ਆਧਾਰ 'ਤੇ ਕਿਹਾ ਜਾ ਸਕਦਾ ਹੈ ਕਿ ਤਨਖ਼ਾਹ ਕਮਿਸ਼ਨ ਦੀ ਰਿਪੋਰਟ ਤਿਆਰ ਕਰਨ ਲਈ ਘੱਟੋ-ਘੱਟ ਇਕ ਸਾਲ ਦਾ ਸਮਾਂ ਲੱਗੇਗਾ।

# ਕਾਂਗਰਸ ਵਿਧਾਇਕ ਸਿੱਕੀ ਵੱਲੋਂ ਨਸ਼ਿਆਂ ਖਿਲਾਫ਼ ਮੁਹਿੰਮ ਵਿੱਢਣ ਦਾ ਐਲਾਨ

■ **ਪੁਲਿਸ ਵੱਲੋਂ ਐੱਨ.ਆਰ.ਆਈ. ਮੁਲਜ਼ਮਾਂ ਨੂੰ ਕਾਬੂ ਕਰਨ ਦੀ ਚਾਰਾਜੋਈ ਸ਼ੁਰੂ**



ਰਮਨਜੀਤ ਸਿੰਘ ਸਿੱਕੀ

ਪਟਿਆਲਾ, (ਸ.ਦ.ਅ.)-ਖਡੂਰ ਸਾਹਿਬ ਤੋਂ ਕਾਂਗਰਸੀ ਵਿਧਾਇਕ ਰਮਨਜੀਤ ਸਿੰਘ ਸਿੱਕੀ ਨੇ ਆਪਣੇ ਹਲਕੇ ਵਿਚ ਨਸ਼ਿਆਂ ਖ਼ਿਲਾਫ਼ ਜਨਤਕ ਮੁਹਿੰਮ ਵਿੱਢ ਦਿੱਤੀ ਹੈ। ਉਧਰ, ਪੰਜਾਬ ਪੁਲਿਸ ਨੇ ਵੀ ਨਸ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕਰਦਿਆਂ ਨਸ਼ਿਆਂ ਖ਼ਿਲਾਫ਼ ਜੇਲ੍ਹ ਵਿਚ ਬੰਦ ਕਥਿਤ ਤਸਕਰ ਜਗਦੀਸ਼ ਭੋਲਾ ਵੱਲੋਂ ਸੁਝਾਏ 10 ਮੰਨੇ-ਪ੍ਰਮੰਨੇ ਪ੍ਰਵਾਸੀ ਭਾਰਤੀਆਂ ਨੂੰ ਗ੍ਰਿਫ਼ਤਾਰ ਕਰਨ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਸ੍ਰੀ ਸਿੱਕੀ ਨੇ ਆਪਣੇ ਹਲਕੇ ਵਿਚ ਨਸ਼ੇ ਦਾ ਕਾਰੋਬਾਰ ਕਰਨ ਵਾਲੇ ਜਾਂ ਇਸ ਮਾਮਲੇ 'ਚ ਕਿਸੇ ਵੀ ਤਰ੍ਹਾਂ ਜੁੜੇ ਮੁਲਜ਼ਮਾਂ ਨੂੰ ਚਿਤਾਵਨੀ ਦਿੱਤੀ ਹੈ ਕਿ ਉਹ ਅਜਿਹੇ ਧੰਦੇ ਬੰਦ ਕਰਕੇ ਕੋਈ ਸਾਫ਼-ਸੁਥਰਾ ਕਾਰੋਬਾਰ ਸ਼ੁਰੂ ਕਰ ਲੈਣ ਨਹੀਂ ਤਾਂ ਫੜੇ ਜਾਣ 'ਤੇ ਉਨ੍ਹਾਂ ਦੀ ਮਦਦ ਲਈ ਕੋਈ ਵੀ ਅੱਗੇ ਨਹੀਂ ਆਵੇਗਾ। ਇਸ ਸਬੰਧੀ ਉਨ੍ਹਾਂ ਆਪਣੇ ਹਲਕੇ ਦੇ ਗੁਰਦੁਆਰਿਆਂ ਤੋਂ ਮੁਨਾਦੀ ਵੀ ਕਰਾਈ ਹੈ। ਇਸ ਵਿਚ ਕਿਹਾ ਗਿਆ ਹੈ ਕਿ ਨਸ਼ਿਆਂ ਦੇ ਧੰਦੇ ਵਿਚ ਗ੍ਰਿਫ਼ਤਾਰ ਹੋਣ ਵਾਲੇ ਦੀ ਹਲਕੇ ਦਾ ਕੋਈ ਵੀ ਵਿਅਕਤੀ ਮਦਦ ਨਾ ਕਰੇ। ਸਿੱਕੀ ਨੇ ਸਪੱਸ਼ਟ ਕੀਤਾ ਕਿ ਅਜਿਹੇ ਮਾਮਲੇ ਵਿਚ ਗ੍ਰਿਫ਼ਤਾਰ ਕੋਈ ਵੀ ਵਿਅਕਤੀ ਚਾਹੇ ਉਹ ਉਨ੍ਹਾਂ ਦਾ ਕੋਈ ਵਰਕਰ ਹੀ ਕਿਉਂ ਨਾ ਹੋਵੇ, ਮਦਦ ਨਹੀਂ ਕੀਤੀ ਜਾਵੇਗੀ। ਰਮਨਜੀਤ ਸਿੰਘ ਸਿੱਕੀ ਪਹਿਲੇ ਅਜਿਹੇ ਵਿਧਾਇਕ ਹਨ ਜਿਨ੍ਹਾਂ ਨੇ ਨਸ਼ਿਆਂ ਖ਼ਿਲਾਫ਼ ਇਸ ਤਰ੍ਹਾਂ ਦਾ ਸਪਸ਼ਟ ਸਟੈਂਡ ਲਿਆ ਹੈ। ਉਧਰ, ਪੰਜਾਬ ਪੁਲਿਸ ਵੱਲੋਂ ਡਰੱਗ ਤਸਕਰੀ ਕੇਸ ਦੀ ਜਾਂਚ ਹੋਰ ਤੇਜ਼ ਕਰਦਿਆਂ ਮੁਲਜ਼ਮਾਂ ਅਮਰਜੀਤ ਸਿੰਘ ਕੁਲਾਰ, ਪ੍ਰਦੀਪ ਸਿੰਘ ਧਾਲੀਵਾਲ, ਰਣਜੀਤ ਔਜਲਾ, ਸਰਬਜੀਤ ਸੰਧਰ ਦੇ ਨਾਵਾਂ ਦੀ ਸੂਚੀ ਜਾਰੀ ਕਰਦਿਆਂ ਗ੍ਰਹਿ ਵਿਭਾਗ ਨਾਲ ਤਾਲਮੇਲ ਵਧਾ ਦਿੱਤਾ ਹੈ। ਇਸ ਸਬੰਧੀ ਪਟਿਆਲਾ ਦੇ ਐਸਪੀ (ਡੀ) ਹਰਵਿੰਦਰ ਸਿੰਘ ਦਾ ਕਹਿਣਾ ਹੈ ਕਿ ਅਸੀਂ ਆਪਣਾ ਕੰਮ ਕੀਤਾ ਹੈ। ਇਨ੍ਹਾਂ ਮੁਲਜ਼ਮਾਂ ਨੂੰ ਭਾਰਤ ਹਵਾਲੇ ਕਰਨ ਦੀ ਕਾਰਵਾਈ ਯਕੀਨੀ ਬਣਾਉਣ ਲਈ ਪੰਜਾਬ ਪੁਲਿਸ ਵੱਲੋਂ ਪੰਜਾਬ ਦੇ ਗ੍ਰਹਿ ਵਿਭਾਗ ਨਾਲ ਚਿੱਠੀ ਪੱਤਰ ਸ਼ੁਰੂ ਕਰ ਕੀਤਾ ਗਿਆ ਹੈ? ਉਨ੍ਹਾਂ ਕਿਹਾ ਕਿ ਪੰਜਾਬ ਪੱਧਰ 'ਤੇ ਅਜਿਹੀ ਸਾਰੀ ਪ੍ਰਕਿਰਿਆ ਪੂਰੀ ਕਰਨ ਤੋਂ ਬਾਅਦ ਹੀ ਪੰਜਾਬ ਦੇ ਗ੍ਰਹਿ ਵਿਭਾਗ ਵੱਲੋਂ ਅੱਗੇ ਕੇਂਦਰੀ ਗ੍ਰਹਿ ਵਿਭਾਗ ਕੋਲ ਪਹੁੰਚ ਕੀਤੀ ਜਾਵੇਗੀ, ਤਾਂ ਜੋ ਸੰਬੰਧਿਤ ਮੁਲਜ਼ਮਾਂ ਨੂੰ ਵਿਦੇਸ਼ ਤੋਂ ਭਾਰਤ ਲਿਆ ਕੇ ਉਨ੍ਹਾਂ ਦੇ ਖ਼ਿਲਾਫ਼ ਪੁੱਛਗਿੱਛ ਤੇ ਹੋਰ ਅਗਲੇਰੀ ਕਾਰਵਾਈ ਕੀਤੀ ਜਾ ਸਕੇ। ਸੂਤਰਾਂ ਅਨੁਸਾਰ ਜਿਨ੍ਹਾਂ ਮੁਲਜ਼ਮਾਂ ਖ਼ਿਲਾਫ਼ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ, ਇਨ੍ਹਾਂ ਦੇ ਨਾਂ ਥਾਣਾ ਫਤਿਹਗੜ੍ਹ ਸਾਹਿਬ ਵਿਖੇ 16 ਅਪਰੈਲ 2013 ਨੂੰ ਵੱਖ-ਵੱਖ ਧਾਰਾਵਾਂ ਤਹਿਤ ਦਰਜ ਕੇਸਾਂ ਵਿਚ ਸ਼ਾਮਲ ਹਨ।

## 'ਆਪ' ਦਾ ਯੂ-ਟਰਨ

# ਜ਼ਿਆਦਾਤਰ ਵਿਧਾਇਕਾਂ ਨੇ ਸੁਰੱਖਿਆ ਤੇ ਸਰਕਾਰੀ ਵਾਹਨ ਲਏ

ਚੰਡੀਗੜ੍ਹ, (ਸ.ਦ.ਅ.)-ਚੋਣ ਨਤੀਜਿਆਂ ਨੂੰ 15 ਦਿਨ ਵੀ ਨਹੀਂ ਹੋਏ ਪਰ ਆਮ ਆਦਮੀ ਪਾਰਟੀ ਚੋਣਾਂ ਤੋਂ ਪਹਿਲਾਂ 'ਵੀ.ਆਈ.ਪੀ. ਕਲਚਰ ਖ਼ਤਮ' ਕਰਨ ਦੇ ਕੀਤੇ ਵਾਅਦਿਆਂ ਤੋਂ ਪਲਟਦੀ ਜਾ ਰਹੀ ਹੈ। ਹਾਲਾਂਕਿ ਕਾਂਗਰਸ ਦੇ ਕੁਝ ਆਗੂਆਂ ਨੇ ਸਰਕਾਰੀ ਵਾਹਨ ਜਾਂ ਸੁਰੱਖਿਆ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਪਰ 'ਆਪ' ਦੇ 20 ਵਿਧਾਇਕਾਂ ਵਿਚੋਂ ਜ਼ਿਆਦਾਤਰ ਨੇ ਸੁਰੱਖਿਆ ਤੇ ਸਰਕਾਰੀ ਵਾਹਨ ਲੈ ਲਏ ਹਨ। ਸੂਤਰਾਂ ਮੁਤਾਬਕ ਵੀਰਵਾਰ ਸ਼ਾਮ ਨੂੰ ਵਿਧਾਇਕਾਂ ਦੀ ਹੋਈ ਬੈਠਕ ਵਿਚ ਇਸ ਮਸਲੇ 'ਤੇ ਵਿਚਾਰ ਕੀਤੀ ਗਈ ਅਤੇ ਫ਼ੈਸਲਾ ਕੀਤਾ ਗਿਆ ਕਿ ਸੁਰੱਖਿਆ ਤੇ ਸਰਕਾਰੀ ਵਾਹਨ ਲੈਣਾ ਜਾਂ ਨਾ ਲੈਣਾ ਵਿਧਾਇਕਾਂ ਦੀ ਨਿੱਜੀ ਪਸੰਦ 'ਤੇ ਛੱਡ ਦੇਣਾ ਚਾਹੀਦਾ ਹੈ। ਸੂਤਰਾਂ ਅਨੁਸਾਰ ਜ਼ਿਆਦਾਤਰ ਵਿਧਾਇਕਾਂ ਨੇ ਸੁਰੱਖਿਆ ਤੋਂ ਇਲਾਵਾ ਸਰਕਾਰੀ ਵਾਹਨ ਲੈ ਲਏ ਹਨ, ਜੋ 'ਆਪ' ਦੇ ਚੋਣ ਮਨੋਰਥ ਪੱਤਰ ਦੇ ਉਲਟ ਹੈ। ਇਸ ਬਾਰੇ ਸੰਪਰਕ ਕਰਨ 'ਤੇ ਚੀਫ ਵ੍ਹਿਪ ਸੁਖਪਾਲ ਸਿੰਘ ਖਹਿਰਾ ਨੇ ਜ਼ਿਆਦਾਤਰ ਵਿਧਾਇਕਾਂ ਦੇ ਸੁਰੱਖਿਆ ਤੇ ਸਰਕਾਰੀ ਵਾਹਨ ਲੈਣ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਅਮਨ-ਕਾਨੂੰਨ ਦੀ ਹਾਲਤ ਦੇਖਦਿਆਂ ਵਿਧਾਇਕਾਂ ਨੂੰ ਸੁਰੱਖਿਆ ਬਿਨਾਂ ਵੱਡਾ ਖ਼ਤਰਾ ਹੈ। ਸਰਕਾਰੀ ਕਾਰਾਂ ਲੈਣ ਬਾਰੇ ਉਨ੍ਹਾਂ ਕਿਹਾ ਕਿ ਜ਼ਿਆਦਾਤਰ ਵਿਧਾਇਕ ਆਰਥਿਕ ਤੌਰ 'ਤੇ ਕਮਜ਼ੋਰ ਹਨ ਤੇ ਉਨ੍ਹਾਂ ਕੋਲ ਆਪਣੀਆਂ ਕਾਰਾਂ ਨਹੀਂ ਹਨ।

## ਰਾਜੌਰੀ ਗਾਰਡਨ ਜ਼ਿਮਨੀ ਚੋਣ

# 'ਆਪ' ਨੇ ਹਰਜੀਤ ਸਿੰਘ ਨੂੰ ਬਣਾਇਆ ਉਮੀਦਵਾਰ

ਨਵੀਂ ਦਿੱਲੀ, (ਸ.ਦ.ਅ.)-ਆਮ ਆਦਮੀ ਪਾਰਟੀ ਨੇ ਰਾਜੌਰੀ ਗਾਰਡਨ ਵਿਧਾਨ ਸਭਾ ਹਲਕੇ ਲਈ 9 ਅਪ੍ਰੈਲ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ ਹਰਜੀਤ ਸਿੰਘ ਨੂੰ ਉਮੀਦਵਾਰ ਐਲਾਨਿਆ ਹੈ। ਉਹ ਕਈ ਕੰਪਨੀਆਂ ਵਿਚ ਉੱਚੇ ਅਹੁਦਿਆਂ ਉੱਪਰ ਕੰਮ ਕਰਦੇ ਰਹੇ ਹਨ। ਫਿਰ ਉਨ੍ਹਾਂ ਟਰਾਂਸਪੋਰਟ ਕੰਪਨੀ ਸ਼ੁਰੂ ਕੀਤੀ ਸੀ। 2012 ਵਿਚ ਉਹ ਅੰਨਾ ਹਜ਼ਾਰੇ ਦੀ ਮੁਹਿੰਮ ਨਾਲ ਜੁੜੇ ਤੇ ਫਿਰ ਆਮ ਆਦਮੀ ਪਾਰਟੀ ਦੇ ਗਠਨ ਦੌਰਾਨ 'ਆਪ' ਨਾਲ ਜੁੜ ਗਏ। ਕਾਂਗਰਸ ਵੱਲੋਂ ਮੀਨਾਕਸ਼ੀ ਚੰਦੇਲਾ ਨੂੰ ਆਪਣਾ ਉਮੀਦਵਾਰ ਬਣਾਇਆ ਗਿਆ ਹੈ। ਇਹ ਹਲਕਾ ਸਾਬਕਾ ਪੱਤਰਕਾਰ ਜਰਨੈਲ ਸਿੰਘ ਦੇ ਅਸਤੀਫ਼ੇ ਕਾਰਨ ਖਾਲੀ ਹੋਇਆ ਸੀ। ਅਕਾਲੀ-ਭਾਜਪਾ ਗੱਠਜੋੜ ਵੱਲੋਂ ਮਨਜਿੰਦਰ ਸਿੰਘ ਸਿਰਸਾ ਦੀ ਟਿਕਟ ਲੈਣ ਦੀ ਕਤਾਰ ਵਿਚ ਹਨ।

# ਅਮਰਿੰਦਰ ਨੇ ਖੜ੍ਹੀ ਕੀਤੀ ਸਲਾਹਕਾਰਾਂ ਦੀ ਫ਼ੌਜ

## * ਸ਼ੇਰਗਿੱਲ, ਭਰਤਇੰਦਰ ਤੇ ਰਵੀਨ ਠੁਕਰਾਲ ਸਲਾਹਕਾਰ ਨਿਯੁਕਤ



ਤਜਿੰਦਰ ਸਿੰਘ ਸ਼ੇਰਗਿੱਲ ਮੁੱਖ ਸਲਾਹਕਾਰ | ਭਰਤਇੰਦਰ ਸਿੰਘ ਚਾਹਲ ਸਲਾਹਕਾਰ | ਰਵੀਨ ਠੁਕਰਾਲ ਮੀਡੀਆ ਸਲਾਹਕਾਰ | ਕਰਨਪਾਲ ਸਿੰਘ ਸੇਖੋਂ ਸਿਆਸੀ ਸਲਾਹਕਾਰ | ਮੇਜਰ ਅਮਰਦੀਪ ਸਿੰਘ ਸਿਆਸੀ ਸਲਾਹਕਾਰ | ਵਿਮਲ ਸੁੰਬਲੀ ਪ੍ਰੈਸ ਸਕੱਤਰ

ਚੰਡੀਗੜ੍ਹ, (ਸ.ਦ.ਅ.)-ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਵੱਲੋਂ ਮੰਗਲਵਾਰ ਆਪਣੇ ਸਕੱਤਰੇਤ 'ਚ ਵੱਡੇ ਪੱਧਰ 'ਤੇ ਨਿਯੁਕਤੀਆਂ ਦਾ ਐਲਾਨ ਕੀਤਾ ਗਿਆ। ਰਾਜ ਸਰਕਾਰ ਦੇ ਇਕ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਵੱਲੋਂ ਸੇਵਾਮੁਕਤ ਲੈਫਟੀਨੈਂਟ ਜਨਰਲ ਤੇਜਿੰਦਰ ਸਿੰਘ ਸ਼ੇਰਗਿੱਲ ਨੂੰ ਕੈਬਨਿਟ ਮੰਤਰੀ ਦੇ ਰੈਂਕ 'ਚ ਆਪਣੇ ਨਾਲ ਸੀਨੀਅਰ ਅਡਵਾਈਜ਼ਰ ਨਿਯੁਕਤ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ। ਜਨਰਲ ਸ਼ੇਰਗਿੱਲ ਮੁੱਖ ਮੰਤਰੀ ਦੇ ਫੌਜ 'ਚ ਹੁੰਦਿਆਂ ਉਨ੍ਹਾਂ ਦੇ ਬੈਚ ਦੇ ਫੌਜੀ ਅਧਿਕਾਰੀ ਸਨ ਅਤੇ ਪਿਛਲੇ ਕਾਫ਼ੀ ਸਮੇਂ ਤੋਂ ਕੈਪਟਨ ਅਮਰਿੰਦਰ ਸਿੰਘ ਨਾਲ ਸਿਆਸੀ ਤੌਰ 'ਤੇ ਜੁੜੇ ਹੋਏ ਹਨ। ਰਾਜ ਸਰਕਾਰ ਵੱਲੋਂ ਜੋ ਹੋਰ ਨਿਯੁਕਤੀਆਂ ਕਰਨ ਦਾ ਐਲਾਨ ਕੀਤਾ ਗਿਆ ਉਨ੍ਹਾਂ 'ਚ ਸ਼੍ਰੀ ਰਵੀਨ ਠੁਕਰਾਲ ਨੂੰ ਰਾਜ ਮੰਤਰੀ ਦਾ ਦਰਜਾ ਦੇ ਕੇ ਮੁੱਖ ਮੰਤਰੀ ਦਾ ਮੀਡੀਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਸ਼੍ਰੀ ਠੁਕਰਾਲ ਜੋ ਕਿ 'ਟ੍ਰਿਬਿਊਨ ਗਰੁੱਪ' ਵਿਚ ਐਸੋਸੀਏਟ ਐਡੀਟਰ ਅਤੇ 'ਹਿੰਦੋਸਤਾਨ ਟਾਈਮਜ਼' 'ਚ ਪੋਲੀਟੀਕਲ ਐਡੀਟਰ ਵਜੋਂ ਕੰਮ ਕੀਤਾ ਹੈ ਅਤੇ ਇਸ ਤੋਂ ਇਲਾਵਾ 'ਇੰਡੀਆ ਨਿਊਜ਼' ਟੀ.ਵੀ. ਚੈਨਲ ਅਤੇ ਗਾਰਡੀਅਨ ਦੇ ਚੰਡੀਗੜ੍ਹ ਐਡੀਸ਼ਨ ਦੇ ਮੁੱਖ ਐਡੀਟਰ ਤੇ ਪ੍ਰਬੰਧਕ ਵੀ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਉਹ ਕੈਪਟਨ ਅਮਰਿੰਦਰ ਸਿੰਘ ਨਾਲ ਉਨ੍ਹਾਂ ਦਾ ਮੀਡੀਆ ਨਾਲ ਸੰਬੰਧਿਤ ਕੰਮ ਦੇਖ ਰਹੇ ਸਨ। ਰਾਜ ਸਰਕਾਰ ਵੱਲੋਂ ਜਾਰੀ ਕੀਤੇ ਗਏ ਇਨ੍ਹਾਂ ਹੁਕਮਾਂ ਅਨੁਸਾਰ ਭਰਤਇੰਦਰ ਸਿੰਘ ਚਾਹਲ ਜੋ ਕਿ ਪਿਛਲੀ ਕਾਂਗਰਸ ਸਰਕਾਰ 'ਚ ਵੀ ਮੁੱਖ ਮੰਤਰੀ ਦੇ ਸਲਾਹਕਾਰ ਸਨ, ਨੂੰ ਮੁੱਖ ਮੰਤਰੀ ਦਾ ਰਾਜ ਮੰਤਰੀ ਦਰਜਾ ਦੇ ਕੇ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਚਾਹਲ ਪਿਛਲੀਆਂ ਸਰਕਾਰਾਂ ਦੌਰਾਨ ਮੁੱਖ ਮੰਤਰੀ ਦਾ ਮੀਡੀਆ ਨਾਲ ਸੰਬੰਧਿਤ ਕੰਮ ਵੇਖਣ ਤੋਂ ਇਲਾਵਾ ਉਨ੍ਹਾਂ ਦੇ ਨੇੜਲੇ ਸਾਥੀ ਵੀ ਰਹੇ। ਪੁਲਿਸ 'ਚੋਂ ਆਈ.ਜੀ. ਵਜੋਂ ਸੇਵਾਮੁਕਤ ਹੋਏ ਅਧਿਕਾਰੀ ਸ਼੍ਰੀ ਖੂਬੀ ਰਾਮ ਨੂੰ ਮੁੱਖ ਮੰਤਰੀ ਦਾ ਸੁਰੱਖਿਆ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਪਿਛਲੀ ਕਾਂਗਰਸ ਸਰਕਾਰ ਦੌਰਾਨ ਸ਼੍ਰੀ ਖੂਬੀ ਰਾਮ ਮੁੱਖ ਮੰਤਰੀ ਦੀ ਸੁਰੱਖਿਆ ਦੇ ਮੁਖੀ ਸਨ ਅਤੇ ਸਰਕਾਰੀ ਨੌਕਰੀ ਤੋਂ ਸੇਵਾਮੁਕਤੀ ਤੋਂ ਬਾਅਦ ਵੀ ਪਿਛਲੇ ਸਮੇਂ ਦੌਰਾਨ ਉਹ ਕੈਪਟਨ ਅਮਰਿੰਦਰ ਸਿੰਘ ਨਾਲ ਹੀ ਉਨ੍ਹਾਂ ਦੀ ਸੁਰੱਖਿਆ 'ਚ ਨਿੱਜੀ ਅਧਿਕਾਰੀ ਵਜੋਂ ਕੰਮ ਕਰ ਰਹੇ ਸਨ। ਸ਼੍ਰੀ ਖੂਬੀ ਰਾਮ ਸੁਰੱਖਿਆ ਖੇਤਰ 'ਚ ਤਜਰਬੇਕਾਰ ਸਮਝੇ ਜਾਣ ਕਾਰਨ ਕੁਝ ਸਮੇਂ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸੁਰੱਖਿਆ ਵਿਚ ਵੀ ਨਿਯੁਕਤ ਰਹੇ। ਮੁੱਖ ਮੰਤਰੀ ਸਕੱਤਰੇਤ 'ਚ ਸ਼੍ਰੀ ਵਿਮਲ ਸੁੰਬਲੀ ਨੂੰ ਮੁੱਖ ਮੰਤਰੀ ਦਾ ਸਕੱਤਰ ਪ੍ਰੈਸ ਨਿਯੁਕਤ ਕੀਤਾ ਗਿਆ ਹੈ।

ਸ਼੍ਰੀ ਸੁੰਬਲੀ ਵੀ ਪਿਛਲੇ ਕਈ ਸਾਲਾਂ ਤੋਂ ਕੈਪਟਨ ਅਮਰਿੰਦਰ ਸਿੰਘ ਲਈ ਮੀਡੀਆ ਸਬੰਧੀ ਕੰਮਕਾਜ ਸੰਭਾਲ ਰਹੇ ਸਨ। ਇਸੇ ਤਰ੍ਹਾਂ ਕਰਨਪਾਲ ਸਿੰਘ ਸੇਖੋਂ, ਕੈਪਟਨ ਸੰਦੀਪ ਸੰਧੂ ਅਤੇ ਮੇਜਰ ਅਮਰਦੀਪ ਸਿੰਘ ਨੂੰ ਮੁੱਖ ਮੰਤਰੀ ਦੇ ਸਿਆਸੀ ਸਕੱਤਰ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਉਹ ਤਿੰਨੋਂ ਪਿਛਲੇ ਕਾਫ਼ੀ ਲੰਬੇ ਸਮੇਂ ਤੋਂ ਕੈਪਟਨ ਅਮਰਿੰਦਰ ਸਿੰਘ ਨਾਲ ਹੀ ਕੰਮ ਕਰਦੇ ਆ ਰਹੇ ਹਨ।

# ਲੋਕਾਂ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਦਾ ਯਤਨ ਕਰਾਂਗੇ : ਨਵਜੋਤ ਸਿੱਧੂ

## ■ ਪੰਜਾਬ ਦੇ ਲੋਕਾਂ ਨੂੰ ਭ੍ਰਿਸ਼ਟਾਚਾਰ-ਮੁਕਤ ਸੇਵਾਵਾਂ ਦੇਣ ਦਾ ਕੀਤਾ ਵਾਅਦਾ

ਚੰਡੀਗੜ੍ਹ, (ਸ.ਦ.ਅ.)-ਸਥਾਨਕ ਸਰਕਾਰਾਂ ਤੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸ਼ੁੱਕਰਵਾਰ ਨੂੰ ਪੰਜਾਬ ਸਿਵਲ ਸਕੱਤਰੇਤ ਵਿਚ ਅਹੁਦਾ ਸੰਭਾਲਣ ਤੋਂ ਬਾਅਦ ਕਿਹਾ ਕਿ ਨਵੀਂ ਸਰਕਾਰ ਦੀ ਤਰਜੀਹ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨਾ ਹੈ। ਉਨ੍ਹਾਂ ਨੇ ਪਾਰਟੀ 'ਚ ਪ੍ਰਗਟਾਏ ਵਿਸ਼ਵਾਸ ਲਈ ਲੋਕਾਂ ਦਾ ਧੰਨਵਾਦ ਕੀਤਾ।

ਉਨ੍ਹਾਂ ਕਿਹਾ ਕਿ ਕੁੱਲ ਹਿੰਦ ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਦਾ ਸੁਪਨਾ ਪੰਜਾਬ ਨੂੰ ਖੁਸ਼ਹਾਲ ਬਣਾਉਣਾ ਹੈ, ਜਿਸ ਨੂੰ ਪੂਰਾ ਕਰਨ ਲਈ ਮਿਲ ਕੇ ਕੰਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਵਿਭਾਗ 'ਚ ਕਾਫੀ ਭ੍ਰਿਸ਼ਟਾਚਾਰ ਹੈ ਅਤੇ ਉਹ ਵਾਅਦਾ ਕਰਦੇ ਹਨ ਕਿ ਸ਼ਹਿਰੀ ਲੋਕਾਂ ਨੂੰ ਭ੍ਰਿਸ਼ਟਾਚਾਰ-ਮੁਕਤ ਸੇਵਾਵਾਂ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਸਰਕਾਰ ਕੋਈ ਬਦਲਾਖੋਰੀ ਦੀ ਨੀਤੀ ਨਹੀਂ ਅਪਣਾਏਗੀ। ਇਸ ਮੌਕੇ ਸਿੰਜਾਈ ਤੇ ਬਿਜਲੀ ਮੰਤਰੀ ਰਾਣਾ ਗੁਰਜੀਤ ਸਿੰਘ, ਵਿਧਾਇਕ ਪਰਗਟ ਸਿੰਘ, ਕੁਲਜੀਤ ਸਿੰਘ ਨਾਗਰਾ, ਅਮਰਿੰਦਰ ਸਿੰਘ ਰਾਜਾ ਵੜਿੰਗ, ਰਮਨਜੀਤ ਸਿੰਘ ਸਿੱਕੀ, ਕੁਸ਼ਲਦੀਪ ਸਿੰਘ ਢਿੱਲੋਂ, ਸੁਖਜਿੰਦਰ ਸਿੰਘ ਰੰਧਾਵਾ ਤੇ ਦਵਿੰਦਰ ਸਿੰਘ ਘੁਬਾਇਆ, ਸਾਬਕਾ ਵਿਧਾਇਕ ਨਵਜੋਤ ਕੌਰ ਸਿੱਧੂ ਤੇ ਅਜੀਤ ਇੰਦਰ ਸਿੰਘ ਮੋਫਰ ਹਾਜ਼ਰ ਸਨ। ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਅਤੇ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਸਭ ਤੋਂ ਪਹਿਲਾਂ ਸਕੱਤਰੇਤ ਵਿਚ ਅਹੁਦਾ ਸੰਭਾਲਿਆ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਪੂਰੇ ਕਰੇਗੀ। ਲੋਕ-ਪੱਖੀ ਨੀਤੀਆਂ ਤੇ ਮਗਨਰੇਗਾ ਸਕੀਮ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਾਂਗੇ।



ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਚੰਡੀਗੜ੍ਹ ਵਿਚ ਸ਼ੁੱਕਰਵਾਰ ਨੂੰ ਕਾਰਜਭਾਰ ਸੰਭਾਲਦੇ ਹੋਏ।

## ਟੀ.ਵੀ. ਸ਼ੋਅ ਦੇ ਨਾਲ ਮੰਤਰੀ ਵਜੋਂ ਫ਼ਰਜ਼ ਨਿਭਾਅ ਸਕਦਾਂ : ਸਿੱਧੂ

ਟੀ.ਵੀ. ਪ੍ਰੋਗਰਾਮ ਬਾਰੇ ਪੁੱਛਣ ਉਤੇ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਉਹ ਸ਼ੋਅ ਦੇ ਨਾਲ ਨਾਲ ਮੰਤਰੀ ਵਜੋਂ ਆਪਣੇ ਫ਼ਰਜ਼ ਨਿਭਾ ਸਕਦੇ ਹਨ। ਉਨ੍ਹਾਂ ਕਿਹਾ, 'ਜੇਕਰ ਜਨਤਾ ਨੂੰ ਉਨ੍ਹਾਂ ਦੇ ਟੀ.ਵੀ. ਸ਼ੋਅ ਨਾਲ ਕੋਈ ਸਮੱਸਿਆ ਨਹੀਂ ਹੈ ਤਾਂ ਤੁਸੀਂ (ਮੀਡੀਆ) ਕਿਉਂ ਇਤਰਾਜ਼ ਕਰ ਰਹੇ ਹੋ। ਟੀ.ਵੀ. ਸ਼ੋਅ ਲਈ ਮੈਂ ਸ਼ਾਮ ਨੂੰ ਤਿੰਨ ਵਜੇ ਰਵਾਨਾ ਹੋਵਾਂਗਾ ਅਤੇ ਪੰਜ ਵਜੇ ਉਥੇ ਪਹੁੰਚ ਜਾਇਆ ਕਰਾਂਗੇ। ਇਸ ਬਾਅਦ ਮੈਂ ਸਾਰੀ ਰਾਤ ਸ਼ੂਟਿੰਗ ਕਰਾਂਗਾ। ਤੜਕੇ ਤਿੰਨ ਵਜੇ ਉਥੋਂ ਜਹਾਜ਼ ਫੜਾਂਗੇ ਅਤੇ ਸਵੇਰੇ ਪੰਜ ਵਜੇ ਮੁੜ ਆਵਾਂਗਾ। ਸਵੇਰੇ 7 ਵਜੇ ਦਫ਼ਤਰ ਹੋਵਾਂਗਾ।'

# ਨਵਜੋਤ ਸਿੱਧੂ ਵੱਲੋਂ ਕਾਮੇਡੀ ਸ਼ੋਅ ਛੱਡਣ ਤੋਂ ਇਨਕਾਰ

## * ਕਾਨੂੰਨੀ ਰਾਏ ਲੈ ਸਕਦੀ ਹੈ ਪੰਜਾਬ ਸਰਕਾਰ

ਚੰਡੀਗੜ੍ਹ, (ਸ.ਦ.ਅ.)-ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਮੰਗਲਵਾਰ ਇਥੇ ਕੁਝ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਪੱਸ਼ਟ ਕੀਤਾ ਕਿ ਉਹ ਕਾਮੇਡੀ ਸ਼ੋਅ ਨਹੀਂ ਛੱਡ ਰਹੇ ਅਤੇ ਨਾ ਹੀ ਇਸ ਸ਼ੋਅ ਨੂੰ ਲਾਭ ਵਾਲਾ ਮਾਮਲਾ ਸਮਝਿਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਉਹ ਸਨਮਾਨ ਕਰਦੇ ਹਨ ਉਹ ਜੋ ਵੀ ਆਦੇਸ਼ ਦੇਣਗੇ ਉਸ 'ਤੇ ਉਹ ਅਮਲ ਕਰਨਗੇ। ਵਰਣਨਯੋਗ ਹੈ ਕਿ ਬੀਤੇ ਦਿਨੀਂ ਇਕ ਟੀ.ਵੀ. ਇੰਟਰਵਿਊ ਦੌਰਾਨ ਇਕ ਸਵਾਲ ਦੇ ਜਵਾਬ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ ਕਿ ਉਨ੍ਹਾਂ ਨੂੰ ਨਵਜੋਤ ਸਿੰਘ ਸਿੱਧੂ ਦੇ ਕਾਮੇਡੀ ਸ਼ੋਅ ਸਬੰਧੀ ਦਿੱਤੇ ਗਏ ਕਾਨੂੰਨੀ ਨੋਟਿਸ ਬਾਰੇ ਕੋਈ ਜਾਣਕਾਰੀ ਨਹੀਂ ਅਤੇ ਜੇ ਜ਼ਰੂਰਤ ਹੋਈ ਤਾਂ ਇਸ ਮੁੱਦੇ 'ਤੇ ਕਾਨੂੰਨੀ ਰਾਏ ਲਈ ਜਾ ਸਕਦੀ ਹੈ। ਕੈਪਟਨ ਅਮਰਿੰਦਰ ਸਿੰਘ ਨੂੰ ਟੀ.ਵੀ.ਇੰਟਰਵਿਊ ਦੌਰਾਨ ਪੁੱਛਿਆ ਗਿਆ ਸੀ ਕਿ ਕੀ ਉਨ੍ਹਾਂ ਦੇ ਕੈਬਨਿਟ ਮੰਤਰੀ ਕਾਮੇਡੀ ਸ਼ੋਅ ਜਾਰੀ ਰੱਖ ਸਕਦੇ ਹਨ ਜੋ ਕਿ ਮੁਨਾਫ਼ੇ ਵਾਲਾ ਮਾਮਲਾ ਹੈ। ਸਿੱਧੂ ਨੇ ਇਹ ਵੀ ਕਿਹਾ ਹੈ ਕਿ ਜਦੋਂ ਤਕ ਮੁੱਖ ਮੰਤਰੀ ਉਨ੍ਹਾਂ ਨੂੰ ਇਸ ਸਬੰਧੀ ਕੋਈ ਆਦੇਸ਼ ਨਹੀਂ ਦਿੰਦੇ ਉਹ ਕਾਮੇਡੀ ਸ਼ੋਅ 'ਚ ਭਾਗ ਲੈਂਦੇ ਰਹਿਣਗੇ ਤੇ ਉਹ ਪਹਿਲਾਂ ਹੀ ਟੈਲੀਵਿਜ਼ਨ ਨਾਲ ਸੰਬੰਧਿਤ ਆਪਣਾ 70-80 ਫੀਸਦੀ ਕੰਮ ਛੱਡ ਚੁੱਕੇ ਹਨ।

# 'ਆਪ' ਆਗੂਆਂ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਵਿਰੁੱਧ ਆਨਲਾਈਨ ਪਟੀਸ਼ਨ

ਜਲੰਧਰ, (ਸ.ਦ.ਅ.)-ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀ ਹਾਰ ਸਬੰਧੀ ਪਰਵਾਸੀ ਪੰਜਾਬੀਆਂ ਨੇ ਪਾਰਟੀ ਦੇ ਸੀਨੀਅਰ ਆਗੂਆਂ ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ ਨੂੰ ਸੂਬੇ ਤੋਂ ਲਾਂਭੇ ਕਰਨ ਲਈ ਆਨਲਾਈਨ ਪਟੀਸ਼ਨ (ਅਰਜ਼ੀ) ਪਾ ਦਿੱਤੀ ਹੈ।

'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਮੁਖ਼ਾਤਿਬ ਹੋ ਕੇ ਤਿਆਰ ਕੀਤੀ ਇਹ ਪਟੀਸ਼ਨ ਆਸਟਰੇਲੀਆ ਤੋਂ ਗੁਰਪ੍ਰੀਤ ਗਿੱਲ ਨੇ ਪਾਈ ਹੈ। ਹੁਣ ਤੱਕ ਇਸ ਪਟੀਸ਼ਨ ਦੀ ਹਮਾਇਤ ਵਿਚ 583 ਦੇ ਕਰੀਬ ਵਿਅਕਤੀਆਂ ਨੇ ਟਿੱਪਣੀਆਂ ਕੀਤੀਆਂ ਹਨ। ਉਨ੍ਹਾਂ ਨੇ 'ਆਪ' ਦੀ ਹਾਰ ਲਈ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਨੂੰ ਸਿੱਧੇ ਤੌਰ 'ਤੇ ਜ਼ਿੰਮੇਵਾਰ ਠਹਿਰਾਇਆ ਹੈ। ਇਹ ਵੀ ਕਿਹਾ ਹੈ ਕਿ ਦੋਵੇਂ ਆਗੂ ਪੰਜਾਬ ਦੇ ਵਲੰਟੀਅਰਾਂ ਦਾ ਭਰੋਸਾ ਗੁਆ ਚੁੱਕੇ ਹਨ ਤੇ ਪੰਜਾਬ ਨੂੰ ਦਿੱਲੀ ਦੇ ਲੀਡਰਾਂ ਦੀ ਕੋਈ ਲੋੜ ਨਹੀਂ ਹੈ। ਇਸ ਅਰਜ਼ੀ ਵਿਚ ਸ਼੍ਰੀ ਕੇਜਰੀਵਾਲ ਨੂੰ ਕਿਹਾ ਹੈ ਕਿ ਉਹ ਪੰਜਾਬ ਦੇ ਵਲੰਟੀਅਰਾਂ ਦੀ ਆਵਾਜ਼ ਨੂੰ ਸੁਣਨ। ਇਸ ਵਿਚ ਅਪੀਲ ਕੀਤੀ ਹੈ ਕਿ ਵਿਦੇਸ਼ਾਂ ਵਿਚ ਵਸਦੇ ਅਤੇ ਪੰਜਾਬ ਵਿਚ ਰਹਿੰਦੇ 'ਆਪ' ਦੇ ਸਮਰਥਕ ਇਸ ਆਨਲਾਈਨ ਪਟੀਸ਼ਨ 'ਤੇ ਵੱਧ ਤੋਂ ਵੱਧ ਆਪਣੀ ਰਾਇ ਦੇਣ ਤਾਂ ਜੋ ਇਨ੍ਹਾਂ ਆਗੂਆਂ ਨੂੰ ਪਾਰਟੀ ਤੋਂ ਲਾਂਭੇ ਕੀਤਾ ਜਾ ਸਕੇ। ਇਸ ਦੌਰਾਨ ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਨੂੰ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇਣ ਦੀ ਅਪੀਲ ਵੀ ਕੀਤੀ ਗਈ ਹੈ। 'ਆਪ' ਦੇ ਆਸਟਰੇਲੀਆ ਤੋਂ ਸਰਗਰਮ ਆਗੂ ਗੁਰਪ੍ਰੀਤ ਗਿੱਲ ਨੇ ਇਸ ਮੁਹਿੰਮ ਨੂੰ ਹੋਰ ਭਖਾਉਣ ਲਈ ਦੂਜੇ ਦੇਸ਼ਾਂ ਵਿਚ ਵਸਦੇ ਪਰਵਾਸੀ ਪੰਜਾਬੀਆਂ ਨੂੰ ਇਕਜੁੱਟਤਾ ਦਿਖਾਉਣ ਦੀ ਅਪੀਲ ਕੀਤੀ ਹੈ।

ਨਿਊਜ਼ੀਲੈਂਡ ਤੋਂ ਖੁਸ਼ਮੀਤ ਸਿੱਧੂ ਨੇ ਇਸ ਆਨਲਾਈਨ ਪਟੀਸ਼ਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਉਹ ਪੰਜਾਬ ਦੀ ਲੀਡਰਸ਼ਿਪ ਦੀ ਮਜ਼ਬੂਤ ਦੇਖਣਾ ਚਾਹੁੰਦੇ ਹਨ। ਆਸਟਰੇਲੀਆ ਤੋਂ ਭਵਜੀਤ ਸਿੰਘ ਨੇ ਕਿਹਾ ਕਿ 'ਆਪ' ਪੰਜਾਬ ਵਿਚ ਜਿੱਤਣ ਦੀ ਸਥਿਤੀ 'ਚ ਸੀ ਪਰ ਸੰਜੇ ਸਿੰਘ ਵਰਗੇ ਆਗੂਆਂ ਨੇ ਇਸ ਨੂੰ ਹੇਠਾਂ ਲਿਆਂਦਾ। ਸਾਨ ਫਰਾਂਸਿਸਕੋ ਤੋਂ ਸ਼ੇਖਰ ਸਿੰਗਲਾ ਨੇ ਦੋਸ਼ ਲਾਇਆ ਕਿ ਇਨ੍ਹਾਂ ਆਗੂਆਂ ਨੇ ਪੈਸੇ ਲੈ ਕੇ ਟਿਕਟਾਂ ਵੇਚੀਆਂ ਹਨ। ਇਸ ਪਟੀਸ਼ਨ ਨੂੰ ਸੋਸ਼ਲ ਮੀਡੀਆ ਰਾਹੀਂ ਪ੍ਰਚਾਰਿਆ ਜਾ ਰਿਹਾ ਹੈ।

# ਪਿੰਡ ਬਾਦਲ 'ਚੋਂ ਪੁਲਿਸ ਮੁਲਾਜ਼ਮਾਂ ਦੀ ਫ਼ੌਜ ਹਟਾਈ



ਪਿੰਡ ਬਾਦਲ ਵਿਚ ਪੁਲਿਸ ਮੁਲਾਜ਼ਮ ਹਟਾਏ ਜਾਣ ਮਗਰੋਂ ਬੰਦ ਪਏ ਗਾਰਦ ਰੂਮ।

ਬਠਿੰਡਾ, (ਸ.ਦ.ਅ.)-ਕਾਂਗਰਸ ਸਰਕਾਰ ਨੇ ਸਾਬਕਾ ਮੁੱਖ ਮੰਤਰੀ ਦੇ ਪਿੰਡ ਬਾਦਲ ਵਿਚੋਂ ਮੁਲਾਜ਼ਮਾਂ ਦੀ ਫ਼ੌਜ ਹਟਾ ਲਈ ਹੈ। ਉਂਜ, ਬਾਦਲ ਪਰਿਵਾਰ ਦੇ ਪੁਰਾਣੇ ਘਰ ਦੀ ਰਾਖੀ ਲਈ ਅਜੇ ਦਰਜਨ ਮੁਲਾਜ਼ਮ ਤਾਇਨਾਤ ਹਨ, ਜਦੋਂਕਿ ਉਥੇ ਪਰਿਵਾਰ ਦਾ ਕੋਈ ਮੈਂਬਰ ਨਹੀਂ ਰਹਿ ਰਿਹਾ। ਸ਼੍ਰੀ ਬਾਦਲ ਦੇ ਮਿੱਠੜੀ ਰੋਡ ਸਥਿਤ ਖੇਤਾਂ ਵਿਚੋਂ ਵੀ ਪੁਲਿਸ ਦੀ ਗਾਰਦ ਵਾਪਸ ਬੁਲਾ ਲਈ ਹੈ। ਸੂਤਰਾਂ ਅਨੁਸਾਰ ਪਿੰਡ ਬਾਦਲ ਵਿਚੋਂ ਪੁਲਿਸ ਨੇ 14 ਮਾਰਚ ਦੀ ਸ਼ਾਮ ਨੂੰ 92 ਪੁਲਿਸ ਮੁਲਾਜ਼ਮ ਵਾਪਸ ਬੁਲਾਏ ਹਨ, ਜੋ ਆਰਮਡ ਫੋਰਸ ਦੇ ਹਨ। ਪਿੰਡ ਦੇ ਜਲ ਘਰ ਵਿਚ ਬੈਠੀ ਗਾਰਦ ਵੀ ਹਟਾ ਦਿੱਤੀ ਗਈ ਹੈ। ਇਸੇ ਤਰ੍ਹਾਂ ਬਠਿੰਡਾ ਰੋਡ, ਮਾਨਾਂ ਰੋਡ, ਖਿਉਵਾਲੀ, ਗੱਗੜ ਰੋਡ ਤੇ ਮਿੱਠੜੀ ਰੋਡ ਤੋਂ ਪੁਲਿਸ ਨਾਕੇ ਚੁੱਕ ਦਿੱਤੇ ਗਏ ਹਨ। ਪਿੰਡ ਬਾਦਲ ਨੂੰ ਆਉਂਦੀ ਹਰ ਸੜਕ 'ਤੇ ਪੁਲਿਸ ਗਾਰਦ ਬੈਠੀ ਹੋਈ ਸੀ। ਮੁਕਤਸਰ ਪੁਲਿਸ ਦੇ ਅਫ਼ਸਰਾਂ ਨੇ ਕੁਝ ਦਿਨ ਪਹਿਲਾਂ ਸੁਰੱਖਿਆ ਦਾ ਜਾਇਜ਼ਾ ਵੀ ਲਿਆ ਹੈ। ਹੁਣ ਪੁਰਾਣੇ ਘਰ ਤੋਂ ਵੀ ਗਾਰਦ ਹਟਾਉਣ ਬਾਰੇ ਵਿਚਾਰਾਂ ਚੱਲ ਰਹੀਆਂ ਹਨ। ਪਿੰਡ ਬਾਦਲ ਦੇ ਇਨ੍ਹਾਂ ਨਾਕਿਆਂ 'ਤੇ ਪੀ.ਏ.ਪੀ. ਅਤੇ ਆਈ.ਆਰ.ਬੀ. ਦੇ ਮੁਲਾਜ਼ਮਾਂ ਦੀ ਤਾਇਨਾਤੀ ਸੀ।

ਦੱਸਣਯੋਗ ਹੈ ਕਿ ਪਿੰਡ ਬਾਦਲ ਵਿਚ ਪਾਵਰਕੌਮ ਦਾ ਇਕ ਗੈਸਟ ਹਾਊਸ ਵੀ ਹੈ, ਜਿੱਥੇ ਪੁਲਿਸ ਵਾਸਤੇ ਇਕ ਵੱਖਰੀ ਬੈਰਕ ਬਣਾਈ ਹੋਈ ਹੈ। ਬਾਦਲ ਪਰਿਵਾਰ ਪਿੰਡ ਵਿਚ ਹੁੰਦਾ ਸੀ ਤਾਂ ਇਹ ਬੈਰਕ ਵੀ ਮੁਲਾਜ਼ਮਾਂ ਨਾਲ ਭਰੀ ਹੁੰਦੀ ਸੀ। ਇਸ ਦੌਰਾਨ ਮੁਕਤਸਰ ਪੁਲਿਸ ਦੇ ਐੱਸ.ਪੀ. (ਸਥਾਨਕ) ਜਸਪਾਲ ਸਿੰਘ ਦਾ ਕਹਿਣਾ ਸੀ ਕਿ ਪਿੰਡ ਬਾਦਲ ਵਿਚੋਂ ਕਾਫ਼ੀ ਸਮਾਂ ਪਹਿਲਾਂ ਫੋਰਸ ਹਟਾ ਦਿੱਤੀ ਗਈ ਸੀ।

ਦੂਜੇ ਪਾਸੇ ਪਿੰਡ ਦੇ ਲੋਕਾਂ ਨੇ ਦੱਸਿਆ ਕਿ ਚਾਰ ਦਿਨ ਪਹਿਲਾਂ ਹੀ ਨਾਕੇ ਹਟੇ ਹਨ ਅਤੇ ਬੈਰੀਕੇਡ ਚੁੱਕੇ ਗਏ ਹਨ। ਬਠਿੰਡਾ ਪੁਲਿਸ ਨੇ ਕਾਲਝਰਾਨੀ ਹੈਲੀਪੈਡ ਤੋਂ ਗਾਰਦ ਹਟਾ ਲਈ ਹੈ। ਪਿੰਡ ਕਾਲਝਰਾਨੀ ਦੀ ਅਨਾਜ ਮੰਡੀ ਵਿਚ ਆਰਜ਼ੀ ਹੈਲੀਪੈਡ ਬਣਾਇਆ ਹੋਇਆ ਸੀ, ਜਿੱਥੇ ਪੁਲਿਸ ਦੀ ਪੱਕੀ ਗਾਰਦ ਬੈਠੀ ਸੀ। ਸੂਤਰ ਦੱਸਦੇ ਹਨ ਕਿ ਦੋ ਮੁਲਾਜ਼ਮ ਅਜੇ ਵੀ ਬੈਠੇ ਹਨ।

# ਐੱਸ.ਵਾਈ.ਐੱਲ. ਬਾਰੇ ਵਿਧਾਨ ਸਭਾ 'ਚ ਮਤਾ ਪਾਸ ਕਰੇ ਪੰਜਾਬ ਸਰਕਾਰ: ਖਹਿਰਾ



'ਆਪ' ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਪੱਤਰਕਾਰਾਂ ਨੂੰ ਸੰਬੋਧਨ ਕਰਦੇ ਹੋਏ।

ਜਲੰਧਰ, (ਸ.ਦ.ਅ.)-ਆਮ ਆਦਮੀ ਪਾਰਟੀ ਦੇ ਭੁਲੱਥ ਤੋਂ ਵਿਧਾਇਕ ਅਤੇ ਚੀਫ ਵਿਪ੍ਹ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਹੈ ਕਿ ਐੱਸ.ਵਾਈ.ਐੱਲ. ਮੁੱਦੇ 'ਤੇ ਸੁਪਰੀਮ ਕੋਰਟ ਦਾ ਫ਼ੈਸਲਾ ਪੰਜਾਬ ਵਿਰੁੱਧ ਆਉਣ ਦੀ ਸੂਰਤ ਵਿਚ ਕੈਪਟਨ ਸਰਕਾਰ ਨੂੰ ਪਹਿਲਾਂ ਹੀ ਰਣਨੀਤੀ ਤੈਅ ਕਰਨੀ ਚਾਹੀਦੀ ਹੈ ਤੇ ਇਸ ਫ਼ੈਸਲੇ ਵਿਰੁੱਧ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸਦਨ ਬੁਲਾ ਕੇ ਇਕਜੁੱਟਤਾ ਨਾਲ ਮਤਾ ਪਾਸ ਕਰਨਾ ਚਾਹੀਦਾ ਹੈ। ਉਨ੍ਹਾਂ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਿਪੇਰੀਅਨ ਕਾਨੂੰਨ ਅਨੁਸਾਰ ਪੰਜਾਬ ਵਿਚੋਂ ਲੰਘਦੇ ਦਰਿਆਵਾਂ ਦੇ ਪਾਣੀਆਂ 'ਤੇ ਸਿਰਫ਼ ਪੰਜਾਬ ਦਾ ਹੀ ਹੱਕ ਹੈ। ਸ਼੍ਰੀ ਖਹਿਰਾ ਨੇ ਕਿਹਾ ਕਿ 28 ਮਾਰਚ ਨੂੰ ਸੁਪਰੀਮ ਕੋਰਟ ਦਾ ਫ਼ੈਸਲਾ ਜੇ ਪੰਜਾਬ ਦੇ ਵਿਰੁੱਧ ਆਉਂਦਾ ਹੈ ਤਾਂ ਸੂਬਾ ਸਰਕਾਰ ਨੂੰ ਕਰਨਾਟਕਾ ਸਰਕਾਰ ਦੀ ਤਰਜ਼ 'ਤੇ ਇਸ ਫ਼ੈਸਲੇ ਵਿਰੁੱਧ ਮਤਾ ਪਾਸ ਕਰਨਾ ਚਾਹੀਦਾ ਹੈ। ਪੰਜਾਬ ਵਿਚ ਪਾਣੀ ਦੇ ਸੰਕਟ ਦਾ ਜ਼ਿਕਰ ਕਰਦਿਆਂ ਸ਼੍ਰੀ ਖਹਿਰਾ ਨੇ ਕਿਹਾ ਕਿ ਸੂਬੇ ਵਿਚ ਪਹਿਲਾਂ ਹੀ ਧਰਤੀ ਹੇਠਲਾ ਪਾਣੀ ਡੂੰਘਾ ਹੋ ਚੁੱਕਾ ਹੈ। ਜੇਕਰ ਇਸ 'ਤੇ ਡਾਕਾ ਪੈਂਦਾ ਹੈ ਤਾਂ ਪੰਜਾਬ ਦੇ ਲੋਕ ਇਸ ਨੂੰ ਬਰਦਾਸ਼ਤ ਨਹੀਂ ਕਰਨਗੇ। ਉਨ੍ਹਾਂ ਨੇ ਕਾਵੇਰੀ ਜਲ ਵਿਵਾਦ ਦਾ ਜ਼ਿਕਰ ਕਰਦਿਆਂ ਕਿਹਾ ਕਿ ਜਦੋਂ ਸੁਪਰੀਮ ਕੋਰਟ ਨੇ ਕਰਨਾਟਕਾ ਨੂੰ ਇਹ ਹੁਕਮ ਕੀਤਾ ਸੀ ਕਿ ਉਹ ਤਾਮਿਲ ਨਾਡੂ ਨੂੰ ਬਣਦਾ ਪਾਣੀ ਦੇਵੇ ਤਾਂ ਕਰਨਾਟਕਾ ਵਿਧਾਨ ਸਭਾ ਨੇ ਸੁਪਰੀਮ ਕੋਰਟ ਦੇ ਫ਼ੈਸਲੇ ਵਿਰੁੱਧ ਮਤਾ ਪਾਸ ਕੀਤਾ ਸੀ। ਜਦੋਂ ਉਨ੍ਹਾਂ ਨੂੰ ਸਵਾਲ ਕੀਤਾ ਕਿ 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਸਟੈਂਡ ਐੱਸ.ਵਾਈ.ਐੱਲ. ਮਾਮਲੇ 'ਤੇ ਕੁਝ ਹੋਰ ਹੈ ਤਾਂ ਸ਼੍ਰੀ ਖਹਿਰਾ ਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਕੌਮੀ ਲੀਡਰ ਹਨ ਤੇ ਉਨ੍ਹਾਂ ਦਾ ਐੱਸ.ਵਾਈ.ਐੱਲ. ਬਾਰੇ ਆਪਣਾ ਹੀ ਸਟੈਂਡ ਹੈ।

# ਮਿੰਨੀ ਕਹਾਣੀਆਂ

## ਕਾਲਾ ਧਨ



ਨੋਟਬੰਦੀ ਕਰਕੇ ਘਰ ਵਿਚ ਪਏ ਪੁਰਾਣੇ ਨੋਟਾਂ ਨੂੰ ਬਿਲੇ ਲਾਉਣ ਦਾ ਸਭ ਨੂੰ ਫਿਕਰ ਪੈ ਗਿਆ। ਰਾਤ ਪ੍ਰਧਾਨ ਮੰਤਰੀ ਦਾ ਐਲਾਨ ਸੀ ਕਿ ਅੱਜ ਰਾਤ ਦੇ ਬਾਰਾਂ ਵਜੇ ਮਗਰੋਂ ਪੰਜ ਸੌ ਅਤੇ ਹਜ਼ਾਰ ਰੁਪਏ ਦੇ ਨੋਟ ਬੰਦ ਸਮਝੇ ਜਾਣ। ਕਾਗਜ਼ ਦੇ ਟੁਕੜੇ ਸਮਝੇ ਜਾਣ। ਹੁਣ ਇਹ ਰਾਤ ਦੇ ਬਾਰਾਂ ਵਜੇ ਤੋਂ ਮਗਰੋਂ ਨਹੀਂ ਚੱਲਣਗੇ। ਸਿਰਫ਼ ਰੇਲਾਂ ਦੀਆਂ ਟਿਕਟਾਂ, ਸਰਕਾਰੀ ਬੱਸਾਂ, ਹਸਪਤਾਲਾਂ, ਡਾਕਖਾਨਿਆਂ, ਕੈਮਿਸਟਾਂ ਦੀਆਂ ਦੁਕਾਨਾਂ ਆਦਿ ਕੁਝ ਥਾਵਾਂ ਉਤੇ ਹੀ ਚੱਲ ਸਕਦੇ ਹਨ ਤੇ ਜਾਂ ਫਿਰ ਬੈਂਕਾਂ ਵਿਚ ਜਮ੍ਹਾਂ ਕਰਵਾਏ ਜਾ ਸਕਦੇ ਹਨ।

ਸਵੇਰੇ ਉੱਠਦਿਆਂ ਸਾਰ ਅਰਜਨ ਨੇ ਆਪਣੀ ਪਤਨੀ ਨੂੰ ਕਿਹਾ, 'ਬਲਬੀਰੋ! ਕਿੰਨੇ ਰੁਪਏ ਨੇ ਆਪਣੇ ਕੋਲ, ਪੁਰਾਣੇ ਨੋਟ, ਪੰਜ ਪੰਜ ਸੌ ਦੇ, ਹਜ਼ਾਰ ਹਜ਼ਾਰ ਦੇ...?'

ਬਲਬੀਰੋ ਨੇ ਟਰੰਕ ਵਿਚੋਂ ਸਾਂਭੇ ਹੋਏ ਪੈਸੇ ਕੱਢੇ ਅਤੇ ਗਿਣਨ ਲੱਗੀ, 'ਲਓ ਇਹ ਨੇ ਵੀਹ ਹਜ਼ਾਰ ਦੇ ਬਣਦੇ ਨੇ?'

'ਬਸ ਵੀਹ ਹਜ਼ਾਰ ਦੇ...? ਹੋਰ ਤਾਂ ਨੀ ਕਿਤੇ ਪਏ ਖੱਲ-ਖੂੰਜੇ ਵਿਚ...ਦੇਖ ਲੈ...ਫਿਰ ਇਹ ਰੱਦੀ ਬਣ ਜਾਣੇ ਨੇ....ਹੁਣ ਤਾਂ ਜਮ੍ਹਾ ਵੀ ਹੋ ਸਕਦੇ ਨੇ?'

'ਨਹੀਂ ਬੱਸ ਇਹੋ ਨੇ...ਹੋਰ ਨੀ ਆਪਣੇ ਕੋਲ...ਬੱਸ ਵੇਲੇ-ਕੁਵੇਲੇ ਲਈ ਰੱਖੇ ਸੀ ਨਿਆਣਿਆਂ ਲਈ ਇਹ ਵੀ...?'

ਅਰਜਨ ਫਾਰਮ ਆਦਿ ਭਰ ਕੇ ਬੈਂਕ ਜਾਣ ਲੱਗਿਆ ਤਾਂ ਮਗਰੋਂ ਬਲਬੀਰੋ ਨੇ ਹਾਕ ਮਾਰੀ, 'ਸੱਚ ਗੱਲ ਸੁਣੋ...ਆਹ ਲਓ ਇਹ ਪਏ ਸੀ...ਇਕ ਪਾਸੇ...?'

'ਇਹ ਕਿੰਨੇ ਨੇ...?' ਅਰਜਨ ਨੇ ਗਿਣੇ ਤਾਂ ਤਿੰਨ ਹਜ਼ਾਰ ਦੇ ਸਨ....ਉਹ ਬੋਲਿਆ, 'ਬੱਸ ਇਹੋ ਨੇ...? ਹੋਰ ਤਾਂ ਨੀ ਕਿਤੇ ਐਧਰ-ਓਧਰ ਰੱਖੇ ਹੋਏ...ਮੋਦੀ ਵੀ ਸੱਚੈ ਵਿਚਾਰਾ....। ਆਹ ਹੈ ਕਾਲਾ ਧਨ...ਇਹਨੂੰ ਕਹਿੰਦੈ ਮੋਦੀ ਕਾਲਾ ਧਨ...।'

ਬਲਬੀਰੋ ਗੁੱਸੇ ਵਿਚ ਭੜਕ ਕੇ ਬੋਲੀ, 'ਲੈ ਇਹ ਹੈ ਕਾਲਾ ਧਨ...ਇਹੋ ਲੱਭਿਐ ਕਾਲਾ ਧਨ...ਐਨਾ ਤਾਂ ਉਹਦੀ ਮਾਂ ਵੀ ਰੱਖਦੀ ਹੋਊ...ਆਪਣੇ ਕੋਲ ਵੇਲੇ-ਕੁਵੇਲੇ ਲਈ?' ਦੋ ਸਾਲਾਂ ਵਿਚ ਥੋੜ੍ਹੇ-ਥੋੜ੍ਹੇ ਕਰਕੇ ਜੋੜੇ ਤਿੰਨ ਹਜ਼ਾਰ ਨੂੰ ਕਾਲਾ ਧਨ ਕਹਿਣ ਉਤੇ ਬਲਬੀਰੋ ਬਿਫਰੀ ਖੜ੍ਹੀ ਵੀ ਅਵਾ-ਤਵਾ ਬੋਲੀ ਜਾ ਰਹੀ ਸੀ।

**-ਰਿਪੁਦਮਨ ਸਿੰਘ ਰੂਪ**
**2249, ਫੇਜ਼-10, ਮੋਹਾਲੀ (ਪੰਜਾਬ)**

## ਸਿਆਸਤ

ਭੇਡ ਦਾ ਲੇਲਾ ਨਦੀ ਦੀ ਢਲਾਨ 'ਤੇ ਪਾਣੀ ਪੀ ਰਿਹਾ ਸੀ। ਅਚਾਨਕ ਉਸ ਦੀ ਨਜ਼ਰ ਸ਼ੇਰ 'ਤੇ ਪਈ। ਸ਼ੇਰ ਵੀ ਪਾਣੀ ਪੀਣ ਲੱਗਿਆ। ਲੇਲੇ ਨੂੰ ਆਪਣੇ ਪੜਦਾਦੇ ਦੀ ਕਹਾਣੀ ਯਾਦ ਆ ਗਈ। ਇਸੇ ਤਰ੍ਹਾਂ ਹੀ ਉਸ ਦਾ ਪੜਦਾਦਾ ਵੀ ਇੱਕ ਵਾਰੀ ਪਾਣੀ ਪੀਣ ਲੱਗਾ ਸੀ ਤਾਂ ਪਾਣੀ ਜੂਠਾ ਕਰ ਰਿਹਾ ਹੋਣ ਦਾ ਬਹਾਨਾ ਬਣਾ ਕੇ ਸ਼ੇਰ ਉਸ ਦੇ ਪੜਦਾਦੇ ਨੂੰ ਖਾ ਗਿਆ ਸੀ। ਲੇਲੇ ਦੀ ਮੰਮੀ ਨੇ ਉਸ ਨੂੰ ਇਹ ਕਹਾਣੀ ਕਈ ਵਾਰ ਸੁਣਾਈ ਸੀ।

ਇਹ ਕਹਾਣੀ ਯਾਦ ਕਰ ਕੇ ਲੇਲਾ ਥਰ ਥਰ ਕੰਬ ਰਿਹਾ ਸੀ। ਸ਼ੇਰ ਉਸ ਕੋਲ ਆ ਕੇ ਕਹਿਣ ਲੱਗਾ, "ਹੋਰ ਬੇਟੇ, ਕੀ ਹਾਲ ਐ? ਠੀਕ ਐ ਅੰਕਲ ਜੀ।" ਲੇਲੇ ਨੇ ਕੰਬਦਿਆਂ ਕਿਹਾ।

"ਹੋਰ ਮੰਮੀ ਡੈਡੀ ਦਾ ਕੀ ਹਾਲ ਐ?"

"ਸਭ ਠੀਕ ਠਾਕ ਐ ਅੰਕਲ ਜੀ।"

"ਤੂੰ ਆਪਣੀ ਸਿਹਤ ਦੇ ਨਾਲ ਨਾਲ ਮੰਮੀ ਡੈਡੀ ਦਾ ਵੀ ਧਿਆਨ ਰੱਖਿਆ ਕਰ। ਤੂੰ ਸਮਝ ਗਿਆ ਨਾ ਬੇਟੇ? ਮੇਰੇ ਤਕ ਕੋਈ ਵੀ ਕੰਮ ਹੋਵੇ ਜਦੋਂ ਮਰਜ਼ੀ ਆ ਜਾਵੀਂ। ਚੰਗਾ ਬੇਟੇ ਮੈਂ ਚੱਲਦਾ ਹਾਂ।"

ਲੇਲਾ ਸੋਚ ਰਿਹਾ ਸੀ ਕਿ ਮੰਮੀ ਡੈਡੀ ਤਾਂ ਕਹਿੰਦੇ ਸੀ ਸ਼ੇਰ ਅੰਕਲ ਕੋਲੋਂ ਬਚ ਕੇ ਰਿਹਾ ਕਰੋ, ਪਰ ਇਹ ਤਾਂ ਬਹੁਤ ਹੀ ਚੰਗੇ ਅੰਕਲ ਹਨ। ਮੈਨੂੰ ਐਵੇਂ ਹੀ ਡਰਾਉਂਦੇ ਰਹੇ ਤੇ ਮੈਂ ਐਵੇਂ ਡਰਦਾ ਰਿਹਾ।

ਸ਼ੇਰਨੀ ਇਹ ਸਾਰਾ ਦ੍ਰਿਸ਼ ਵੇਖ ਰਹੀ ਸੀ। ਉਸ ਨੇ ਆਉਂਦੇ ਹੀ ਸ਼ੇਰ ਨੂੰ ਗੁੱਸੇ 'ਚ ਕਿਹਾ, "ਮੈਂ ਤੁਹਾਨੂੰ ਸ਼ਿਕਾਰ ਕਰਨ ਭੇਜਿਆ ਸੀ ਤੇ ਤੁਸੀਂ ਲੇਲੇ ਨਾਲ ਗੱਲਾਂ ਮਾਰ ਕੇ ਆ ਗਏ! ਮੈਨੂੰ ਕਿੰਨੀ ਭੁੱਖ ਲੱਗੀ ਐ ਤੇ ਤੁਸੀਂ ਕੂਲਾ ਕੂਲਾ ਲੇਲਾ ਛੱਡ ਦਿੱਤਾ।"

"ਉਹ ਭਾਗਵਾਨੇ ਤੂੰ ਤਾਂ ਨਿਰੀ ਕਮਲੀ ਹੈਂ। ਅਗਲੇ ਹਫ਼ਤੇ ਜੰਗਲ ਵਿਚ ਚੋਣਾਂ ਹਨ। ਆਪਾਂ ਚੋਣਾਂ ਜਿੱਤ ਕੇ ਜਨਤਾ ਨੂੰ ਹੀ ਖਾਣਾ ਹੈ...।"ਇਹ ਸੁਣ ਕੇ ਸ਼ੇਰਨੀ ਵੀ ਮੁਸਕਰਾਉਣ ਲੱਗੀ।

**-ਡਾ.ਅਮਰੀਕ ਸਿੰਘ ਕੰਡਾ**

## ਆਜ਼ਾਦੀ



'ਮੰਮੀ-ਮੰਮੀ ਮੈਨੂੰ ਇਕ ਤੋਤਾ ਲੈ ਕੇ ਦਿਓ, ਮੈਂ ਉਸ ਨਾਲ ਖੇਡਿਆ ਕਰੂੰ...' ਅੱਜ ਸਵੇਰ ਦੀ ਡੌਲੀ ਨੇ ਜ਼ਿੱਦ ਫੜੀ ਹੋਈ ਸੀ।

ਮੰਮੀ ਨੇ ਪੁੱਛਿਆ, 'ਮੇਰੀ ਨੰਨ੍ਹੀ ਪਰੀ ਨੂੰ ਤੋਤਾ ਕਿਉਂ ਚਾਹੀਦੈ?'

'ਮੰਮੀ ਮੇਲੀ ਕੋਈ ਫਲੇਂਡ ਨਹੀਂ ਹੈ, ਇਸ ਲਈ', ਡੌਲੀ ਨੇ ਆਪਣੀ ਤੋਤਲੀ ਆਵਾਜ਼ ਵਿਚ ਕਿਹਾ।

'ਪਰ ਬੇਟਾ ਪੰਛੀਆਂ ਨੂੰ ਐਦਾਂ ਕੈਦ ਕਰਕੇ ਨਹੀਂ ਰੱਖਦੇ...ਇਹ ਉੱਡਦੇ ਹੀ ਸੋਹਣੇ ਲੱਗਦੇ ਨੇ...ਇਹ ਵੀ ਆਜ਼ਾਦ ਆਪਣੇ ਪਰਿਵਾਰ ਨਾਲ ਰਹਿ ਕੇ ਖੁਸ਼ ਹੁੰਦੇ ਨੇ ਪਰ ਡੌਲੀ ਆਪਣੀ ਜ਼ਿੱਦ 'ਤੇ ਅੜੀ ਹੋਈ ਸੀ...ਮੰਮੀ-ਮੰਮੀ ਪਾਪਾ ਵੀ ਤੁਹਾਨੂੰ ਕਿਤੇ ਨਹੀਂ ਜਾਣ ਦਿੰਦੇ, ਤੁਹਾਡੇ ਲਈ ਵੀ ਘਰ ਇਕ ਕੈਦ ਦੀ ਤਰ੍ਹਾਂ ਹੀ ਹੋਈ ਫੇਰ...ਤੁਸੀਂ ਕਦੇ ਪਾਪਾ ਨੂੰ ਕੁਛ ਨਹੀਂ ਕਹਿੰਦੇ...ਸਾਰਾ ਦਿਨ ਘਰ ਵਿਚ ਵੀ ਇਕੱਲੇ ਰਹਿੰਦੇ ਓ, ਡੌਲੀ ਨੇ ਇਕੋ ਸਾਹ ਵਿਚ ਸਾਰੀਆਂ ਗੱਲਾਂ ਆਪਣੀ ਤੋਤਲੀ ਜ਼ਬਾਨ ਨਾਲ ਮਾਂ ਨੂੰ ਸਮਝਾ ਦਿੱਤੀਆਂ...ਡੌਲੀ ਦੀਆਂ ਨਿੱਕੀਆਂ-ਨਿੱਕੀਆਂ ਤੇ ਡੂੰਘੀਆਂ ਗੱਲਾਂ ਦਾ ਮਾਂ ਕੋਲ ਕੋਈ ਜਵਾਬ ਨਹੀਂ ਸੀ...ਤੇ ਸ਼ਾਇਦ ਉਹ ਵੀ ਅੱਜ ਆਜ਼ਾਦੀ ਦਾ ਅਸਲੀ ਮਤਲਬ ਸਮਝਣ ਦੀ ਕੋਸ਼ਿਸ਼ ਕਰ ਰਹੀ ਸੀ?

**-ਗਿੰਨੀ ਮੁਕਤਸਰ**

## ਨੂਰਾਨੀ ਚਿਹਰਾ

ਮੈਨੂੰ ਜੰਗਲਾਤ ਮਹਿਕਮੇ ਵਿਚ ਨੌਕਰੀ 'ਤੇ ਆਇਆਂ ਤਿੰਨ ਕੁ ਮਹੀਨੇ ਹੋਏ ਸਨ। ਪਹਿਲੀ ਤਨਖ਼ਾਹ ਵੀ ਨਹੀਂ ਸੀ ਮਿਲੀ। ਇਕ ਦਿਨ ਆਮ ਚੈਕਿੰਗ ਦੌਰਾਨ ਵੇਖਿਆ ਕਿ ਕੁਝ ਬੰਦੇ ਨਹਿਰ ਦੀ ਜ਼ਮੀਨ ਵਿਚ ਟਿਊਬਵੈੱਲ ਵਾਸਤੇ ਕਮਰਾ ਬਣਾ ਰਹੇ ਸਨ। ਪੁੱਛਣ 'ਤੇ ਪਤਾ ਲੱਗਿਆ ਕਿ ਇਹ ਜ਼ਮੀਨ ਬਾਬਾ ਮੰਗਲ ਦਾਸ ਦੀ ਹੈ ਤੇ ਉਸ ਦੇ ਹੁਕਮ 'ਤੇ ਇਹ ਕਮਰਾ ਬਣ ਰਿਹਾ ਹੈ। ਉਨ੍ਹਾਂ ਨੇ ਫੋਨ ਕਰਕੇ ਬਾਬੇ ਨੂੰ ਬੁਲਾ ਲਿਆ। ਭਾਰੇ ਜਿਹੇ ਸਰੀਰ ਵਾਲਾ ਬਾਬਾ ਵੱਡੀ ਸਾਰੀ ਗੱਡੀ ਵਿਚ ਪੰਜ ਸੱਤ ਵਿਹਲੜ ਲੈ ਕੇ ਉੱਥੇ ਆ ਗਿਆ। ਉਸ ਨੇ ਮੈਨੂੰ ਸਾਹਮਣੇ ਬਣੇ ਕਮਰੇ ਵਿਚ ਬੁਲਾ ਲਿਆ ਅਤੇ ਸਾਫ਼ ਸ਼ਬਦਾਂ ਵਿਚ ਬੋਲਿਆ, "ਵੇਖ ਕਾਕਾ, ਡੀ.ਸੀ. ਤੋਂ ਲੈ ਕੇ ਮੰਤਰੀ ਤਕ ਸਾਡੀ ਪਹੁੰਚ ਐ। ਮਾੜਾ ਜਿਹਾ ਫੋਨ ਕਰਨ ਦੀ ਲੋੜ ਐ ਤੇਰਾ ਨੁਕਸਾਨ ਹੋ ਸਕਦਾ। ਪਿੰਡ ਦੇ ਛੱਪੜ ਦੀ ਪੂਰੀ ਅਤੇ ਸਕੂਲ ਦੀ ਅੱਧੀ ਜ਼ਮੀਨ ਪੰਚਾਇਤ ਨੇ ਸਾਨੂੰ ਦੇ ਰੱਖੀ ਐ। ਇਲਾਕੇ ਦਾ ਕੋਈ ਵੀ ਬੰਦਾ ਸਾਡੇ ਅੱਗੇ ਬੋਲਣ ਦੀ ਹਿੰਮਤ ਨਹੀਂ ਕਰਦਾ। ਦੋ ਚਾਰ ਦਿਨ ਆਸੇ ਪਾਸੇ ਹੋ ਜਾ ਚੰਗਾ ਰਹੂ, ਸਾਨੂੰ ਰੋਕਣਾ ਤੇਰੇ ਵੱਸ ਨਹੀਂ।" ਬਾਬੇ ਨੇ ਆਪਣੇ ਖੀਸੇ ਵਿਚ ਹੱਥ ਪਾ ਕੇ ਰੁੱਗ ਭਰ ਕੇ ਨੋਟ ਮੇਰੀ ਜੇਬ ਵਿਚ ਪਾ ਦਿੱਤੇ, "ਸਿਰੋਪਾ ਸਮਝ ਕੇ ਰੱਖ ਲੈ। ਨਹੀਂ ਤਾਂ ਰਿਸ਼ਵਤ ਦਾ ਕੇਸ ਵੀ ਬਣ ਸਕਦਾ।" ਮੈਂ ਆਪਣੀ ਲਾਚਾਰੀ ਅਤੇ ਭ੍ਰਿਸ਼ਟ ਤੇ ਚਾਪਲੂਸ ਤੰਤਰ ਨੂੰ ਵੇਖ ਕੇ ਨੀਵੀਂ ਪਾਈ ਤੁਰ ਪਿਆ। "ਮੁੰਡਿਓ ਕੰਮ ਕਰੋ। ਇਹ ਤਾਂ ਆਪਣਾ ਬੰਦਾ ਐ...ਚੰਗਾ।" ਕਹਿੰਦਾ ਹੋਇਆ ਬਾਬਾ ਗੱਡੀ ਵਿਚ ਜਾ ਬੈਠਾ। "ਬੰਤਿਆ, ਮੈਂ ਤੈਨੂੰ ਕਿਹਾ ਸੀ ਨਾ ਬਈ ਬਾਬਾ ਜੀ ਦੇ ਚਿਹਰੇ ਦਾ ਨੂਰ ਕੋਈ ਵੀ ਝੱਲ ਨਹੀਂ ਸਕਦਾ। ਨਿਰਾ ਨੂਰਾਨੀ ਚਿਹਰਾ।" ਇਕ ਕਾਮਾ ਦੂਜੇ ਨੂੰ ਕਹਿ ਰਿਹਾ ਸੀ। ਮੈਨੂੰ ਉਨ੍ਹਾਂ ਦੀ ਅੰਨ੍ਹੀ ਸ਼ਰਧਾ 'ਤੇ ਤਰਸ ਆ ਰਿਹਾ ਸੀ ਜੋ ਕਾਲਾ ਚਿਹਰਾ ਪਛਾਣਨ ਦੀ ਨਜ਼ਰ ਨਹੀਂ ਰੱਖਦੇ ਸਨ ਜਾਂ ਮੇਰੇ ਵਾਂਗ ਮਜਬੂਰੀ ਮਾਰੇ ਕਹਿ/ਕਰ ਰਹੇ ਸਨ।

**-ਗੁਰਮੀਤ ਮਰਾੜ੍ਹ**

## ਛੋਟੀ ਸੋਚ

ਦੀਵਾਲੀ ਦਾ ਦਿਨ ਸੀ, ਚਾਰੇ ਪਾਸੇ ਚਹਿਲ-ਪਹਿਲ ਸੀ। ਸੁਖਚੈਨ ਸੱਤਵੀਂ ਕਲਾਸ ਦਾ ਹੋਣਹਾਰ ਵਿਦਿਆਰਥੀ ਸੀ। ਉਸ ਦੇ ਸਾਰੇ ਸਾਥੀਆਂ ਨੇ ਅੱਜ ਨਵੇਂ ਕੱਪੜੇ ਪਾਏ ਹੋਏ ਸਨ। ਸਾਰੇ ਜਣੇ ਬਾਜ਼ਾਰੋਂ ਆਪਣੇ ਮਾਂ-ਬਾਪ ਨਾਲ ਪਟਾਕੇ, ਆਤਿਸ਼ਬਾਜ਼ੀਆਂ ਖਰੀਦ ਕੇ ਲਿਆਏ। ਸੁਖਚੈਨ ਨੇ ਇਸ ਵਾਰ ਪਟਾਕੇ ਨਾ ਖਰੀਦੇ। ਸ਼ਾਮ ਨੂੰ ਉਸ ਦੇ ਸਾਰੇ ਸਾਥੀ ਸ਼ਾਮਲਾਟ ਦੀ ਖੁੱਲ੍ਹੀ ਜਗ੍ਹਾ 'ਤੇ ਪਟਾਕੇ, ਆਤਿਸ਼ਬਾਜ਼ੀ ਚਲਾ ਖੂਬ ਵਾਤਾਵਰਨ ਪਲੀਤ ਕਰ ਰਹੇ ਸਨ। ਸੁਖਚੈਨ ਨੇ ਦੀਵਾਲੀ 'ਤੇ ਮਿਲੇ ਹੋਏ ਪੈਸਿਆਂ ਨਾਲ ਕੁਝ ਬੂਟੇ ਖਰੀਦੇ ਤੇ ਸ਼ਾਮਲਾਟ ਦੀ ਸਾਂਝੀ ਥਾਂ 'ਤੇ ਲਾ ਦਿੱਤੇ। ਸੁਖਚੈਨ ਦੇ ਸਾਥੀ ਤਰਲੋਚਨ ਨੇ ਪੁੱਛਿਆ, ਤੂੰ ਪਟਾਕੇ ਕਿਉਂ ਨਹੀਂ ਲਏ ਤਾਂ ਉਨ੍ਹਾਂ ਦੇ ਇਕ ਦੋਸਤ ਹੈਰੀ ਨੇ ਵਿਅੰਗ ਕੱਸਦਿਆਂ ਕਿਹਾ, 'ਯਾਰ ਸੁਖਚੈਨ ਦੀ ਤਾਂ ਸੋਚ ਛੋਟੀ ਹੈ, ਤਾਹੀਓਂ ਦੀਵਾਲੀ ਵਾਲੇ ਦਿਨ ਵੀ ਬੂਟੇ ਲਾ ਰਿਹਾ ਹੈ।' ਏਨਾ ਸੁਣ ਸੁਖਚੈਨ ਨੇ ਜਵਾਬ ਦਿੱਤਾ, 'ਮੈਂ ਤੁਹਾਡੇ ਦੁਆਰਾ ਪਲੀਤ ਕੀਤੇ ਵਾਤਾਵਰਨ ਨੂੰ ਸਾਫ਼ ਕਰਕੇ ਤੁਹਾਡੀ ਸੋਚ ਨੂੰ ਵੱਡਾ ਕਰਨ ਦਾ ਛੋਟਾ ਜਿਹਾ ਯਤਨ ਕਰ ਰਿਹਾ ਹਾਂ।'

**-ਜਸਬੀਰ ਦੱਧਾਹੂਰ**
**ਪਿੰਡ ਤੇ ਡਾਕ. ਦੱਧਾਹੂਰ, ਤਹਿ. ਰਾਏਕੋਟ, ਜ਼ਿਲ੍ਹਾ ਲੁਧਿਆਣਾ।**

## ਚੌਕ 'ਚ ਟੂਣਾ



ਅੱਜਕਲ੍ਹ ਦੇ ਜ਼ਮਾਨੇ ਵਿਚ ਟੂਣਾ ਆਦਿ ਨੂੰ ਬਹੁਤ ਹੀ ਖਤਰਨਾਕ ਮੰਨਿਆ ਜਾ ਰਿਹਾ ਹੈ ਪ੍ਰੰਤੂ ਜੋ ਕੁਝ ਮੈਂ ਅੱਜ ਤੁਹਾਨੂੰ ਸੁਣਾਉਣ ਲੱਗਿਆ ਹਾਂ ਇਸ ਨਾਲ ਤਾਂ ਇਸ ਤਰ੍ਹਾਂ ਲੱਗ ਰਿਹਾ ਹੈ ਕਿ ਜਿਵੇਂ ਟੂਣਾ ਕੋਈ ਚੀਜ਼ ਹੀ ਨਹੀਂ ਸਿਰਫ ਆਪਣੇ ਦਿਲ ਦਾ ਇਕ ਵਹਿਮ ਹੈ। ਇਹ ਗੱਲ ਹੈ ਸ਼ਹਿਰ ਸੁਨਾਮ ਦੀ ਜਿੱਥੇ ਇਕ ਦਿਨ ਜ਼ਿੰਦਗੀ ਦੇ ਦੋ ਵਧੀਆ ਦੋਸਤ ਜਗੀਰ ਸਿੰਘ ਸੁਤੰਤਰ ਅਤੇ ਖਜ਼ਾਨ ਸਿੰਘ ਦੇ ਨੇੜਲੇ ਪਿੰਡ ਲਖਮੀਰਵਾਲਾ ਵਿਖੇ ਰਹਿੰਦੇ ਆਪਣੇ ਬਹੁਤ ਹੀ ਇਕ ਪਿਆਰੇ ਮਿੱਤਰ ਦੇ ਘਰ ਵਿਚ ਉਸ ਦੀ ਬੇਟੀ ਦੀ ਸ਼ਾਦੀ ਸੀ। ਸੁਤੰਤਰ ਨੇ ਆਪਣੇ ਸਾਥੀ ਖਜ਼ਾਨ ਸਿੰਘ ਨਾਲ ਸਲਾਹ ਕੀਤੀ ਕਿ ਯਾਰ ਆਪਣੇ ਮਿੱਤਰ ਦੀ ਬੇਟੀ ਦੀ ਸ਼ਾਦੀ ਹੈ ਅਤੇ ਆਪਾਂ ਨੂੰ ਵਿਆਹ ਵਿਚ ਕੰਮਕਾਰ ਲਈ ਪਹਿਲਾਂ ਜਾਣਾ ਚਾਹੀਦਾ ਹੈ ਅਤੇ ਇਸ ਤਰ੍ਹਾਂ ਇਹ ਦੋਵੇਂ ਦੋਸਤ ਪਿੰਡ ਲਖਮੀਰਵਾਲਾ ਨੂੰ ਸਵੇਰੇ ਚਾਰ ਵਜੇ ਹੀ ਉਠ ਕੇ ਆਪਣੇ-ਆਪਣੇ ਸਾਈਕਲਾਂ 'ਤੇ ਚੱਲ ਪਏ। ਜਦੋਂ ਇਹ ਦੋਵੇਂ ਦੋਸਤ ਪੀਰਾਂ ਵਾਲਾ ਗੇਟ ਤੋਂ ਜਾਂਦੇ ਹੋਏ ਮਾਤਾ ਮੋਦੀ ਚੌਕ ਪਹੁੰਚੇ ਤਾਂ ਇਨ੍ਹਾਂ ਨੂੰ ਚੌਕ ਦੇ ਵਿਚਕਾਰ ਤੋਂ ਕਿਸੇ ਕੁੱਕੜ ਦੀ ਕੋਈ ਆਵਾਜ਼ ਸੁਣਾਈ ਦਿੱਤੀ ਤਾਂ ਸੁਤੰਤਰ ਬੋਲਿਆ, ਯਾਰ ਖਜ਼ਾਨ ਕੋਈ ਅਵਾਜ਼ ਆ ਰਹੀ ਹੈ। ਖਜ਼ਾਨ ਬੋਲਿਆ ਛੱਡੋ ਸੁਤੰਤਰ ਜੀ, ਆਪਾਂ ਕੀ ਲੈਣਾ ਆਪਾਂ ਵਿਆਹ ਤੋਂ ਲੇਟ ਹੋ ਰਹੇ ਹਾਂ ਅਤੇ ਉੱਥੇ ਜਾ ਕੇ ਕੰਮਕਾਰ ਵੀ ਕਰਵਾਉਣਾ ਹੈ। ਸੁਤੰਤਰ ਬੋਲਿਆ, ਨਹੀਂ ਯਾਰ ਦੇਖਦੇ ਹਾਂ ਆਖਿਰ ਚੌਕ ਦੇ ਵਿਚਕਾਰ ਕੀ ਹੈ ਅਤੇ ਇਸ ਦੇ ਨਾਲ ਹੀ ਦੋਵਾਂ ਦੋਸਤਾਂ ਨੇ ਆਪਣੇ ਸਾਈਕਲ ਰੋਕ ਲਏ ਅਤੇ ਦੇਖਿਆ ਕੇ ਚੌਕ ਦੇ ਵਿਚਕਾਰ ਇਕ ਕਾਲੇ ਰੰਗ ਦਾ ਮੁਰਗਾ ਜਿਸ ਦੇ ਪੈਰ ਬੰਨ੍ਹੇ ਹੋਏ ਸਨ, ਇਕ ਸ਼ਰਾਬ ਦੀ ਬੋਤਲ, ਕੁਝ ਸੰਧੂਰ ਅਤੇ 151 ਰੁਪਏ ਨਕਦ ਪਏ ਸਨ, ਤਾਂ ਖਜ਼ਾਨ ਸਿੰਘ ਕਹਿਣ ਲੱਗਾ, 'ਸੁਤੰਤਰ ਜੀ ਛੱਡੋ ਇਹ ਤਾਂ ਕਿਸੇ ਦਾ ਟੂਣਾ ਕਰਿਆ ਲੱਗਦਾ ਹੈ ਆਪਾਂ ਕੀ ਲੈਣਾ, ਆਪਾਂ ਚੱਲੀਏ।' ਸੁਤੰਤਰ ਬੋਲਿਆ, 'ਯਾਰ ਟੂਣਾ ਆਪਣੇ ਉਪਰ ਡਿੱਗੂ, ਤੂੰ ਚੁੱਕ ਇਹ ਮੁਰਗਾ, ਬੋਤਲ ਅਤੇ ਪੈਸੇ ਅਤੇ ਨਾਲ ਲੱਗਦੇ ਚੁੰਗੀ ਨਾਕੇ ਵਿਚ ਦੇਖ ਕਿ ਕਿਸ ਦੀ ਡਿਊਟੀ ਹੈ।' ਇਨ੍ਹਾਂ ਦੋਸਤਾਂ ਨੇ ਸਾਰਾ ਸਮਾਨ ਚੁੱਕ ਲਿਆ ਤਾਂ ਦੇਖਿਆ ਉਸ ਚੁੰਗੀ ਨਾਕੇ 'ਤੇ ਉਨ੍ਹਾਂ ਦੇ ਹੀ ਇਕ ਨਜ਼ਦੀਕੀ ਦੋਸਤ ਅੰਗਰੇਜ਼ ਸਿੰਘ ਦੀ ਡਿਊਟੀ ਸੀ। ਦੋਵੇਂ ਦੋਸਤਾਂ ਨੇ ਕਿਹਾ ਕਿ ਅੰਗਰੇਜ਼ ਸਿੰਘ ਆਹ ਚੱਕ ਮੁਰਗਾ, ਬੋਤਲ ਅਤੇ 151 ਰੁਪਏ ਅਤੇ ਅਸੀਂ ਪਿੰਡ ਲਖਮੀਰਵਾਲਾ ਚੱਲੇ ਹਾਂ ਅਤੇ ਸਾਡੇ ਆਉਂਦੇ ਨੂੰ ਮੁਰਗਾ ਬਣਾ ਲਈਂ, ਆਪਾਂ ਸ਼ਾਮ ਨੂੰ ਕਰਾਂਗੇ ਪਾਰਟੀ। ਦੋਵੇਂ ਦੋਸਤ ਅੰਗਰੇਜ਼ ਸਿੰਘ ਨੂੰ ਸਾਰਾ ਸਾਮਾਨ ਫੜਾ ਕੇ ਚਲੇ ਗਏ। ਜਦੋਂ ਸ਼ਾਮ ਨੂੰ ਵਿਆਹ ਤੋਂ ਵਿਹਲੇ ਹੋ ਕੇ ਮੁੜ ਆਪਣੇ ਦੋਸਤ ਅੰਗਰੇਜ਼ ਸਿੰਘ ਕੋਲ ਚੁੰਗੀ ਨਾਕੇ 'ਤੇ ਆਏ ਤਾਂ ਕਹਿਣ ਲੱਗੇ ਲਿਆ ਬਈ ਅੰਗਰੇਜ਼ ਕਿਥੇ ਹੈ ਸਮਾਨ। ਅੰਗਰੇਜ਼ ਜੋ ਕਿ ਪੂਰਾ ਸ਼ਰਾਬੀ ਹੋ ਚੁੱਕਿਆ ਸੀ ਅੱਗੋਂ ਬੋਲਿਆ ਬਾਈ ਜੀ ਮੁਆਫ ਕਰਨਾ ਮੈਂ ਤਾਂ ਤੁਹਾਨੂੰ ਉਡੀਕ-ਉਡੀਕ ਕੇ ਸਾਰਾ ਸਮਾਨ ਹੀ ਮੁਕਾ 'ਤਾ, ਇਸ ਉਪੰਰਤ ਦੋਵੇਂ ਦੋਸਤ ਇਕੱਠੇ ਹੀ ਬੋਲੇ, ਇਹ ਸਾਰਾ ਸਮਾਨ ਟੂਣੇ ਦਾ ਸੀ ਤੇਰੇ 'ਕੱਲੇ ਦੇ ਹਜ਼ਮ ਨਹੀਂ ਹੋਣਾ। ਅੰਗਰੇਜ਼ ਬੋਲਿਆ ਟੂਣਾ, ਤਾਂ ਦੋਵੇਂ ਦੋਸਤ ਫਿਰ ਬੋਲੇ ਹਾਂ, ਕਿਸੇ ਨੇ ਟੂਣਾ ਕੀਤਾ ਹੋਇਆ ਸੀ ਅਸੀਂ ਚੁੱਕ ਲਿਆ ਸੀ, ਅੰਗਰੇਜ਼ ਕਹਿੰਦਾ ਚਲੋ ਦੇਖੀ ਜਾਊ ਹੁਣ ਤਾਂ ਯਾਰ ਦਾਰੂ ਵੀ ਪੀ ਗਏ ਅਤੇ 151 ਦਾ ਸਾਮਾਨ ਲਿਆ ਕੇ ਮੁਰਗਾ ਬਣਾ ਕੇ ਉਹ ਵੀ ਛੱਕ ਗਏ। ਅੱਜ ਇਸ ਗੱਲ ਨੂੰ ਤਕਰੀਬਨ 50 ਸਾਲ ਬੀਤ ਜਾਣ ਦੇ ਬਾਵਜੂਦ ਜਗੀਰ ਸਿੰਘ ਸੁਤੰਤਰ ਤਕਰੀਬਨ 90 ਸਾਲ ਦੇ ਹੋ ਗਏ ਅਤੇ ਅੰਗਰੇਜ਼ ਸਿੰਘ 80 ਦੇ ਅਤੇ ਇਨ੍ਹਾਂ 'ਤੇ ਅਜੇ ਤੱਕ ਕਿਸੇ ਟੂਣੇ ਦਾ ਅਸਰ ਨਹੀਂ ਹੋਇਆ, ਪ੍ਰੰਤੂ ਖਜ਼ਾਨ ਸਿੰਘ ਇਸ ਦੁਨੀਆਂ ਵਿਚ ਨਹੀਂ ਰਿਹਾ। ਇਸ ਤੋਂ ਇਹ ਹੀ ਜ਼ਾਹਰ ਹੁੰਦਾ ਹੈ ਕਿ ਟੂਣਾ ਵਗੈਰਾ ਸਿਰਫ ਇਕ ਵਹਿਮ ਹੈ ਹੋਰ ਕੁਝ ਵੀ ਨਹੀਂ।

**-ਰੁਪਿੰਦਰ ਸਿੰਘ ਸੱਗੂ**

## ਸਮੇਂ ਦਾ ਹਾਣੀ



ਗੁਰਦਿੱਤ ਸਿੰਘ (ਫ਼ੌਜੀ) ਅੱਜ 65 ਵਰ੍ਹਿਆਂ ਦਾ ਹੋ ਗਿਆ ਹੈ, ਉਹ ਅੱਜ ਵੀ ਪੂਰਾ ਰਿਸ਼ਟ-ਪੁਸ਼ਟ ਤੇ ਤੰਦਰੁਸਤ ਹੈ। ਉਸ ਨੂੰ ਆਪਣੀ ਜ਼ਿੰਦਗੀ 'ਤੇ ਇਕ ਵੀ ਗਿਲਾ ਨਹੀਂ, ਆਪਣੇ ਬਚਪਨ ਦੀਆਂ ਯਾਦਾਂ ਨੂੰ ਟਟੋਲਦਾ ਹੋਇਆ, ਖੋ ਜਾਂਦਾ ਹੈ ਕਿ ਕਿੰਝ ਉਨ੍ਹਾਂ ਦੇ ਪ੍ਰਾਇਮਰੀ ਸਕੂਲ ਦੇ ਮਾਸਟਰ ਖਰੈਤੀ ਲਾਲ ਜੀ ਉਨ੍ਹਾਂ ਨੂੰ ਪੜ੍ਹਾਉਂਦੇ, ਉਨ੍ਹਾਂ ਸਮਿਆਂ 'ਚ ਮਾਰ ਵੀ ਬਹੁਤ ਪੈਂਦੀ ਸੀ ਤੇ ਗੁਰੂ ਦੀ ਇੱਜ਼ਤ ਵੀ ਪੂਰੇ ਪਿੰਡ ਵਿਚ ਹੁੰਦੀ ਸੀ। ਮਾਸਟਰ ਜੀ ਪੜ੍ਹਾਈ ਦੇ ਨਾਲ-ਨਾਲ ਥੋੜ੍ਹਾ ਹਟ ਕੇ ਵੀ ਜਾਗ੍ਰਿਤ ਕਰਦੇ ਰਹਿੰਦੇ ਸਨ, ਉਹ ਵਾਰ-ਵਾਰ ਸਮੇਂ ਅਤੇ ਅਨੁਸ਼ਾਸਨ 'ਤੇ ਜ਼ੋਰ ਦਿਆ ਕਰਦੇ ਸਨ ਕਿ ਸਮੇਂ ਦੀ ਨਜ਼ਾਕਤ ਤੋਂ ਬੇਸਮਝ ਅਤੇ ਅਨੁਸ਼ਾਸਨਹੀਣ ਮਨੁੱਖ ਇਕ ਡੰਗਰ ਸਮਾਨ ਹੁੰਦਾ ਹੈ। 'ਕੱਲ੍ਹ ਕਰੇ ਸੋ ਆਜ ਕਰ, ਆਜ ਕਰੇ ਸੋ ਅਬ' ਦੀ ਕਹਾਵਤ ਤਾਂ ਉਨ੍ਹਾਂ ਨੇ ਸਾਡੇ ਮੂੰਹਾਂ 'ਤੇ ਰਟਾ ਛੱਡੀ ਸੀ। ਬਸ ਏਹੋ ਦੋ ਗੱਲਾਂ ਸਮਾਂ ਅਤੇ ਅਨੁਸ਼ਾਸਨ ਨੂੰ ਗੁਰਦਿੱਤ ਸਿੰਘ ਨੇ ਆਪਣੇ ਪੱਲੇ 'ਚ ਘੁੱਟ ਕੇ ਬੰਨ੍ਹ ਲਿਆ ਸੀ। ਉਹ ਸਮੇਂ ਦਾ ਪੂਰਾ ਪਾਬੰਦ ਤਾਂ ਹੋ ਚੁੱਕਾ ਸੀ ਅਤੇ ਨਾਲ ਹੀ ਅੱਜ ਵਾਲਾ ਕੰਮ ਹੁਣੇ ਕਰਕੇ। ਹੌਲੀ-ਹੌਲੀ ਸਮੇਂ ਦੇ ਬੀਤਣ ਨਾਲ ਗੁਰਦਿੱਤ ਸਿੰਘ ਨੇ 10 ਜਮਾਤਾਂ ਚੰਗੇ ਨੰਬਰਾਂ ਨਾਲ, ਪਹਿਲੇ ਸਥਾਨ 'ਤੇ ਰਹਿ ਕੇ ਪਾਸ ਕਰ ਲਈਆਂ। ਉਹਨੂੰ ਫ਼ੌਜ 'ਚੋਂ ਭਰਤੀ ਹੋਣ ਦਾ ਬਚਪਨ ਤੋਂ ਹੀ ਸ਼ੌਕ ਸੀ। ਬਸ ਕੀ ਸੀ ਫ਼ੌਜ 'ਚ ਭਰਤੀ ਹੋ ਕੇ ਹੋਰ ਵੀ ਸਮੇਂ ਦੇ ਨੇੜੇ ਹੋ ਗਿਆ ਅਤੇ ਅਨੁਸ਼ਾਸਨ ਨੂੰ ਆਪਣੇ ਮਨ ਦੀ ਦੀਵਾਰ 'ਤੇ ਲਿਖ ਚੁੱਕਾ ਸੀ।

ਸਮੇਂ ਦੇ ਬੀਤਣ ਨਾਲ ਗੁਰਦਿੱਤ ਸਿੰਘ ਦਾ ਵਿਆਹ ਹੋ ਗਿਆ, ਫਿਰ ਬੱਚੇ ਹੋਏ, ਆਪਣੇ ਬੱਚਿਆਂ ਨੂੰ ਗੁੜ੍ਹਤੀ ਵੀ ਉਸ ਨੇ ਸਮੇਂ ਅਤੇ ਅਨੁਸ਼ਾਸਨ ਦੀ ਹੀ ਦਿੱਤੀ। ਫਿਰ ਕੀ ਸੀ ਸਿਆਣੇ ਕਹਿੰਦੇ ਮਾਂ-ਬਾਪ ਦੀਆਂ ਜ਼ਿਆਦਾਤਰ ਆਦਤਾਂ ਬੱਚਿਆਂ 'ਤੇ ਜਾਂਦੀਆਂ ਹਨ। ਗੁਰਦਿੱਤ ਸਿੰਘ ਫ਼ੌਜ 'ਚੋਂ ਰਿਟਾਇਰ ਹੋਇਆ, ਹੁਣ ਉਹਦੇ ਬੱਚੇ ਵੀ ਬਾਪ ਵਾਂਗੂ ਨੇਕ, ਸਮੇਂ ਦੇ ਪਾਬੰਦ ਅਤੇ ਅਨੁਸ਼ਾਸਨ ਪ੍ਰਪੱਕ ਬਣ ਗਏ। ਅੱਜ ਘਰ ਵਿਚ ਗੁਰਦਿੱਤ ਸਿੰਘ ਨੂੰ ਕਿਸੇ ਵੀ ਚੀਜ਼ ਦੀ ਕਮੀ ਮਹਿਸੂਸ ਨਹੀਂ ਹੋ ਰਹੀ ਸੀ। ਸਿਆਣੇ ਕਹਿੰਦੇ ਹਨ, 'ਜਿਹਦੀ ਔਲਾਦ ਸੁਖੀ ਉਹਦਾ ਜੱਗ ਸੁਖੀ, ਗੁਰਦਿੱਤ ਸਿੰਘ ਦੇ ਬਿਨਾਂ ਕਹੇ ਅਤੇ ਕਰਨ ਤੋਂ ਸਮੇਂ ਨੂੰ ਮੁੱਖ ਰੱਖ ਕੇ ਸਾਰੇ ਕੰਮ ਹੋ ਜਾਂਦੇ ਹਨ। ਫਿਰ ਦੁੱਖ ਕਿਸ ਗੱਲ ਦਾ ਹੋਣਾ ਸੀ, ਮਾਸਟਰ ਜੀ ਦੀ ਪੱਲੇ ਬੰਨ੍ਹੀ ਗੱਲ ਅਤੇ ਅੱਜ ਦੇ ਸੁੱਖਾਂ ਦੇ ਪਲ ਗੁਰਦਿੱਤ ਸਿੰਘ ਨੂੰ ਇੰਝ ਲੱਗ ਰਹੇ ਸਨ, ਜਿਵੇਂ ਉਹ ਅਤੇ ਸਮਾਂ ਇਕ ਦੂਸਰੇ ਦੇ ਹਾਣੀ ਹੋਣ ਅਤੇ ਸਮਾਂ ਉਨ੍ਹਾਂ ਦਾ ਸਕਾ ਭਰਾ ਹੋਵੇ। ਸੋ ਅੱਜ ਦੇ ਮਨੁੱਖ ਨੇ ਜੇ ਆਪਣੀ ਜ਼ਿੰਦਗੀ ਦੇ ਸੁੱਖ ਲੈਣੇ ਹਨ ਤਾਂ ਉਸ ਨੂੰ ਸਮੇਂ ਦਾ ਪਾਬੰਦ ਹੋ ਕੇ ਅਨੁਸ਼ਾਸਨ ਲਈ ਠੋਸ ਕਦਮ ਚੁੱਕਣੇ ਪੈਣਗੇ।

**-ਜੇ.ਡੀ. ਸਿੱਧੂਵਾਲ**



ਕਹਾਣੀ

# ਫ਼ਲ

-ਲੱਖਾ ਧੀਮਾਨ

"ਸਰ ਜੀ, ਮੈਨੂੰ ਅੱਧੀ ਛੁੱਟੀ ਸਾਰੀ ਚਾਹੀਦੀ ਹੈ ਜੀ।" ਜੀਤੀ ਨੇ ਅੱਧੀ ਛੁੱਟੀ ਵੇਲੇ ਮੇਰੇ ਕੋਲ ਆ ਕੇ ਨੀਵੀਂ ਪਾਈ ਬਿਨਾਂ ਮੇਰੇ ਵੱਲ ਦੇਖਦੇ ਹੋਏ ਕਿਹਾ।

"ਕਿਉਂ ਪੁੱਤਰ ਜੀ, ਕਿੱਥੇ ਜਾਣਾ?" ਮੈਂ ਅਖ਼ਬਾਰ ਪੜ੍ਹਦੇ ਨੇ ਉਸ ਵੱਲ ਦੇਖ ਕੇ ਪੁੱਛਿਆ।

"ਸਰ ਜੀ, ਜ਼ਰੂਰੀ ਕੰਮ ਹੈ।"

"ਅਜਿਹਾ ਕਿਹੜਾ ਜ਼ਰੂਰੀ ਕੰਮ ਹੈ, ਕਿਤੇ ਅੱਜ ਬਾਅਦ ਦੁਪਹਿਰ ਹੋਣ ਵਾਲੇ ਹਿਸਾਬ ਦੇ ਟੈਸਟ ਦੀ ਤਿਆਰੀ ਨਾ ਹੋਣ ਕਰਕੇ ਤਾਂ ਛੁੱਟੀ ਨਹੀਂ ਲੈਣੀ?"

"ਨਹੀਂ ਸਰ ਜੀ, ਜ਼ਰੂਰੀ ਕੰਮ ਹੈ, ਸਵਾਲ ਤਾਂ ਮੈਨੂੰ ਸਾਰੇ ਆਉਂਦੇ ਹਨ।"

"ਅੱਛਾ ਚਲੀ ਜਾ।" ਮੈਂ ਇਜਾਜ਼ਤ ਦੇ ਦਿੱਤੀ।

ਦਰਅਸਲ, ਇਸ ਸਕੂਲ ਵਿਚ ਮੇਰੀ ਨਿਯੁਕਤੀ ਪਿਛਲੇ ਸਾਲ ਹੀ ਹੋਈ ਸੀ ਤੇ ਮੈਨੂੰ ਪੰਜਵੀਂ ਜਮਾਤ ਦਾ ਇੰਚਾਰਜ ਲਗਾਇਆ ਗਿਆ ਸੀ। ਜੀਤੀ ਮੇਰੀ ਹੀ ਜਮਾਤ ਦੀ ਵਿਦਿਆਰਥਣ ਸੀ। ਉਹ ਪੜ੍ਹਨ ਵਿਚ ਬੇਹੱਦ ਹੁਸ਼ਿਆਰ ਸੀ। ਮੈਨੂੰ ਪਤਾ ਸੀ ਕਿ ਉਸ ਨੂੰ ਸਵਾਲ ਤਾਂ ਆਉਂਦੇ ਹੀ ਹੋਣਗੇ। ਉਹ ਬਿਨਾਂ ਕੰਮ ਤੋਂ ਸਕੂਲੋਂ ਕਦੇ ਗ਼ੈਰਹਾਜ਼ਰ ਨਹੀਂ ਸੀ ਹੁੰਦੀ। ਇਸ ਲਈ ਮੈਂ ਅੱਧੀ ਛੁੱਟੀ ਜਾਣ ਦੀ ਇਜਾਜ਼ਤ ਦੇ ਕੇ ਫਿਰ ਅਖ਼ਬਾਰ ਪੜ੍ਹਨ ਵਿਚ ਮਸਰੂਫ਼ ਹੋ ਗਿਆ।

"ਭਾਈ, ਆਪਣੇ ਪਿੰਡ ਦੀ ਕਰਮੋ ਪੱਤੀ ਦੀ ਧਰਮਸ਼ਾਲਾ ਵਿਚ ਆਪਣੇ ਹਲਕੇ ਦੇ ਚੜ੍ਹਦੀ ਕਲਾ ਪਾਰਟੀ ਦੇ ਉਮੀਦਵਾਰ ਪਹੁੰਚ ਰਹੇ ਹਨ ਜਿਨ੍ਹਾਂ ਨੂੰ ਪਿੰਡ ਦੇ ਨੌਜਵਾਨਾਂ ਵੱਲੋਂ ਸੰਤਰਿਆਂ ਨਾਲ ਤੋਲਿਆ ਜਾਣਾ ਹੈ। ਸਾਰੇ ਵੀਰ ਭੈਣਾਂ ਤਿੰਨ ਵਜੇ ਧਰਮਸ਼ਾਲਾ ਵਿਚ ਪਹੁੰਚ ਕੇ ਉਨ੍ਹਾਂ ਦੇ ਕੀਮਤੀ ਵਿਚਾਰ ਜ਼ਰੂਰ ਸੁਣੋ। ਸਕੂਲ ਦੇ ਪਿਛਲੇ ਪਾਸੇ ਬਣੇ ਗੁਰਦੁਆਰੇ ਵਿਚੋਂ ਭਾਈ ਜੀ (ਗ੍ਰੰਥੀ) ਨੇ ਆਵਾਜ਼ ਦੇ ਕੇ ਮੇਰੀ ਅਖ਼ਬਾਰ ਪੜ੍ਹਨ ਵਿਚ ਲੱਗੀ ਲਿਵ ਤੋੜ ਦਿੱਤੀ। ਇੰਨੇ ਨੂੰ ਹੀ ਸੇਵਾਦਾਰ ਨੇ ਸਕੂਲ ਲੱਗਣ ਦੀ ਘੰਟੀ ਵਜਾ ਦਿੱਤੀ ਤੇ ਮੈਂ ਅਖ਼ਬਾਰ ਛੱਡ ਕੇ ਕਲਾਸ ਵਿਚ ਚਲਾ ਗਿਆ। ਸਾਰੀ ਛੁੱਟੀ ਹੋਈ ਤਾਂ ਮੈਂ ਵੀ ਸਾਰੇ ਬੱਚਿਆਂ ਦੇ ਜਾਣ ਤੋਂ ਬਾਅਦ ਘਰ ਨੂੰ ਚੱਲ ਪਿਆ। ਅੱਧੀ ਛੁੱਟੀ ਵੇਲੇ ਗੁਰਦੁਆਰੇ ਦੇ ਭਾਈ ਜੀ ਨੇ ਜਿਹੜਾ ਹੋਕਾ ਦਿੱਤਾ ਸੀ, ਉਹੀ ਹੋਕਾ ਦਿੰਦੀ ਇਕ ਗੱਡੀ ਮੇਰੇ ਕੋਲੋਂ ਦੀ ਧੂੜ ਉਡਾਉਂਦੀ ਹੋਈ ਲੰਘ ਗਈ। ਮੈਨੂੰ ਅੰਦਾਜ਼ਾ ਹੋ ਗਿਆ ਕਿ ਅਜੇ ਵੀ ਨੇਤਾ ਜੀ ਪਹੁੰਚੇ ਨਹੀਂ ਸਨ। ਕਰਮੋ ਪੱਤੀ ਦੀ ਧਰਮਸ਼ਾਲਾ ਮੇਰੇ ਘਰ ਦੇ ਰਸਤੇ ਵਿਚ ਹੀ ਆਉਂਦੀ ਸੀ। ਲੰਘਣ ਲੱਗਿਆਂ ਦੇਖਿਆ ਕਿ ਲੋਕਾਂ ਦਾ ਤਕੜਾ ਹਜ਼ੂਮ ਉੱਥੇ ਹਾਜ਼ਰ ਸੀ ਤੇ ਇਕ ਬੁਲਾਰਾ ਆਪਣੀ ਪਾਰਟੀ ਬਾਰੇ ਬੋਲ ਰਿਹਾ ਸੀ। ਮੇਰੇ ਪਹੁੰਚਣ 'ਤੇ ਹੀ ਹਲਕਾ ਉਮੀਦਵਾਰ ਪੰਡਾਲ ਵਿਚ ਆ ਕੇ ਬੈਠੇ ਸਨ। ਬੁਲਾਰੇ ਦੇ ਬੋਲਣ ਤੋਂ ਬਾਅਦ ਉਸ ਉਮੀਦਵਾਰ ਨੇ ਸੰਗਤ ਨੂੰ ਫ਼ਤਹਿ ਬੁਲਾ ਕੇ ਆਪਣਾ ਭਾਸ਼ਣ ਸ਼ੁਰੂ ਕੀਤਾ, "ਜਿਵੇਂ ਆਪ ਸਭ ਨੂੰ ਪਤਾ ਹੈ ਕਿ ਸਾਡੇ ਦੇਸ਼ ਨੂੰ ਆਜ਼ਾਦ ਹੋਇਆਂ ਸੱਤਰ ਸਾਲ ਹੋ ਗਏ ਹਨ, ਪਰ ਅਸੀਂ ਅੱਜ ਵੀ ਆਰਥਿਕ ਤੇ ਸਮਾਜਿਕ ਤੌਰ 'ਤੇ ਗੁਲਾਮ ਹਾਂ। ਅਸੀਂ ਰਜਵਾੜਿਆਂ ਦੇ ਗੁਲਾਮ ਹਾਂ। ਇਸ ਗੁਲਾਮੀ ਨੂੰ ਗਲੋਂ ਲਾਹੁਣ ਲਈ ਸਾਨੂੰ ਜਿਤਾਓ। ਅਸੀਂ ਤੁਹਾਨੂੰ ਚੰਗੇ ਇਲਾਜ ਲਈ ਹਸਪਤਾਲ, ਰੁਜ਼ਗਾਰ ਤੇ ਨਸ਼ਾ ਰਹਿਤ ਸਮਾਜ ਦਿਆਂਗੇ। ਤੁਹਾਡੇ ਬੱਚੇ ਵੀ ਏ.ਸੀ. ਸਕੂਲਾਂ ਵਿਚ ਪੜ੍ਹਨਗੇ...।" ਭਾਸ਼ਣ ਸੁਣਦਿਆਂ ਮੇਰਾ ਧਿਆਨ ਸਭ ਤੋਂ ਮੂਹਰੇ ਬੈਠੀ ਜੀਤੀ 'ਤੇ ਗਿਆ। ਮੈਨੂੰ ਉਸ ਨੂੰ ਉੱਥੇ ਬੈਠੀ ਦੇਖ ਕੇ ਗੁੱਸਾ ਚੜ੍ਹਿਆ ਕਿ ਸਕੂਲੋਂ ਉਹ ਜ਼ਰੂਰੀ ਕੰਮ ਕਹਿ ਕੇ ਪੜ੍ਹਾਈ ਛੱਡ ਕੇ ਇਥੇ ਬੈਠੀ ਹੈ। ਮੇਰਾ ਸਾਰਾ ਧਿਆਨ ਉਸ ਵੱਲ ਹੋ ਗਿਆ ਸੀ। ਪਤਾ ਹੀ ਨਾ ਲੱਗਾ ਕਿ ਕਦੋਂ ਭਾਸ਼ਣ ਖ਼ਤਮ ਹੋਇਆ ਤੇ ਪਾਰਟੀ ਵਰਕਰਾਂ ਨੇ ਬੱਚਿਆਂ ਨੂੰ ਸੰਤਰੇ ਵੰਡਣੇ ਸ਼ੁਰੂ ਕਰ ਦਿੱਤੇ। ਮੇਰਾ ਧਿਆਨ ਅਜੇ ਵੀ ਜੀਤੀ ਵੱਲ ਹੀ ਸੀ। ਉਸ ਨੇ ਇਕ ਸੰਤਰਾ ਲੈ ਕੇ ਆਪਣੀ ਚੁੰਨੀ ਵਿਚ ਲੁਕੋ ਲਿਆ ਤੇ ਦੂਜਾ ਲੈਣ ਲਈ ਹੱਥ ਅੱਗੇ ਕਰ ਰੱਖਿਆ ਸੀ। ਵਰਕਰ ਨੇ ਦੂਜਾ ਸੰਤਰਾ ਵੀ ਉਸ ਦੇ ਹੱਥ 'ਤੇ ਧਰ ਦਿੱਤਾ। ਅੱਜ ਮੇਰੀ ਨਜ਼ਰ ਵਿਚ ਜੀਤੀ ਨੇ ਮੇਰੇ ਸਾਹਮਣੇ ਝੂਠ ਬੋਲ ਕੇ ਤੇ ਬੇਈਮਾਨੀ ਕਰਕੇ ਦੋ ਗੁਨਾਹ ਕਰ ਦਿੱਤੇ ਸਨ, ਪਰ ਮੈਨੂੰ ਆਪਣੇ ਆਪ 'ਤੇ ਹੀ ਗੁੱਸਾ ਆ ਰਿਹਾ ਸੀ ਕਿ ਮੇਰੀ ਸਿੱਖਿਆ ਵਿਚ ਕੀ ਕਮੀ ਰਹਿ ਗਈ ਸੀ ਕਿਉਂਕਿ ਪਹਿਲੀ ਤੋਂ ਪੰਜਵੀਂ ਤਕ ਸਭ ਤੋਂ ਹੋਣਹਾਰ ਵਿਦਿਆਰਥਣ ਜੀਤੀ ਹੀ ਸੀ। ਇਸ ਤੋਂ ਪਹਿਲਾਂ ਕਿ ਉਹ ਮੈਨੂੰ ਦੇਖਦੀ, ਮੈਂ ਮੋਟਰਸਾਈਕਲ ਸਟਾਰਟ ਕਰਕੇ ਉੱਥੋਂ ਚੱਲ ਪਿਆ। ਹੁਣ ਮੈਨੂੰ ਅਗਲੇ ਦਿਨ ਸਕੂਲ ਜਾ ਕੇ ਉਸ ਦੀਆਂ ਇਨ੍ਹਾਂ ਦੋਵੇਂ ਹਰਕਤਾਂ ਬਾਰੇ ਪੁੱਛਣ ਦੀ ਕਾਹਲ ਸੀ ਜਿਨ੍ਹਾਂ ਕਾਰਨ ਸਾਰੀ ਰਾਤ ਮੈਂ ਆਪਣੇ ਆਪ ਨਾਲ ਹੀ ਲੜਦਾ ਰਿਹਾ। ਅਗਲੀ ਸਵੇਰ ਮੈਂ ਜਲਦੀ ਹੀ ਤਿਆਰ ਹੋ ਕੇ ਸਕੂਲ ਪਹੁੰਚ ਗਿਆ ਸੀ। ਮੈਂ ਸਕੂਲ ਦੀ ਸਵੇਰ ਦੀ ਸਭਾ ਦਾ ਸਮਾਂ ਮਸਾਂ ਹੀ ਲੰਘਾਇਆ। ਘੰਟੀ ਵੱਜਣ ਸਾਰ ਮੈਂ ਕਲਾਸ ਵਿਚ ਚਲਾ ਗਿਆ। ਜੀਤੀ ਆਪਣੇ ਹੀ ਧਿਆਨ ਵਿਚ ਕਾਪੀ 'ਤੇ ਕੋਈ ਕੰਮ ਕਰ ਰਹੀ ਸੀ। ਮੈਂ ਹਾਜ਼ਰੀ ਲਗਾ ਕੇ ਜੀਤੀ ਨੂੰ ਆਪਣੇ ਕੋਲ ਬੁਲਾ ਕੇ ਸਵਾਲ ਕੀਤਾ, "ਹਾਂ ਬਈ ਜੀਤ ਕੌਰ ਜੀ, ਕੱਲ੍ਹ ਆਪਾਂ ਨੂੰ ਦੁਪਹਿਰ ਤੋਂ ਬਾਅਦ ਕੀ ਜ਼ਰੂਰੀ ਕੰਮ ਸੀ ਜੋ ਛੁੱਟੀ ਲੈ ਕੇ ਘਰ ਗਏ ਸੀ।"

"ਸਰ ਜੀ, ਮੈਨੂੰ ਘਰ ਵਿਚ ਜ਼ਰੂਰੀ ਕੰਮ ਸੀ।" ਉਸ ਨੇ ਫਿਰ ਸੰਖੇਪ ਜਿਹਾ ਉੱਤਰ ਦਿੱਤਾ।

"ਕੀ ਜ਼ਰੂਰੀ ਕੰਮ? ਜ਼ਰੂਰੀ ਕੰਮ ਦਾ ਝੂਠ ਬੋਲ ਕੇ ਚਲਾਕੀ ਨਾਲ ਸੰਤਰੇ ਇਕੱਠੇ ਕਰਨ ਦਾ ਕੰਮ ਸੀ।" ਮੈਂ ਉਸ ਦੇ ਚਿਹਰੇ ਵੱਲ ਦੇਖਦੇ ਹੋਏ ਕਿਹਾ।

ਇੰਨਾ ਸੁਣ ਕੇ ਉਸ ਦੇ ਚਿਹਰੇ ਦਾ ਰੰਗ ਬਦਲ ਗਿਆ।

"ਨਹੀਂ ਸਰ ਜੀ, ਮੈਂ ਕੋਈ ਝੂਠ ਨਹੀਂ ਬੋਲਿਆ ਜੀ।" ਉਸ ਦੀ ਆਵਾਜ਼ ਥਿੜਕਣ ਲੱਗ ਪਈ ਸੀ।

"ਮੈਂ ਤੈਨੂੰ ਆਪ ਦੇਖਿਆ ਹੈ। ਸਾਰੀ ਕਲਾਸ ਨੂੰ ਦੱਸ ਕਿ ਕੱਲ੍ਹ ਝੂਠ ਬੋਲ ਕੇ ਤੂੰ ਕਿੱਥੇ ਗਈ ਸੀ।" ਮੈਂ ਗੁੱਸੇ ਨਾਲ ਜੀਤੀ ਨੂੰ ਕਿਹਾ।

ਉਸ ਦੀਆਂ ਅੱਖਾਂ ਵਿਚ ਪਾਣੀ ਆ ਗਿਆ ਸੀ। ਉਸ ਦੀ ਆਵਾਜ਼ ਮੱਧਮ ਪੈ ਗਈ ਸੀ, "ਹਾਂ ਜੀ ਸਰ ਜੀ, ਮੈਂ ਝੂਠ ਬੋਲ ਕੇ ਛੁੱਟੀ ਨਹੀਂ ਲਈ ਤੇ ਨਾ ਹੀ ਮੈਂ ਕੋਈ ਚਲਾਕੀ ਨਾਲ ਸੰਤਰੇ ਇਕੱਠੇ ਕੀਤੇ ਹਨ। ਮੈਂ ਇਕ ਸੰਤਰਾ ਆਪਣਾ ਤੇ ਇਕ ਹਿੱਸਾ ਆਪਣੀ ਮੰਮੀ ਦਾ ਲਿਆ ਸੀ, ਪਰ ਮੈਂ ਦੋਵਾਂ ਸੰਤਰਿਆਂ ਵਿਚੋਂ ਇਕ ਫਾੜੀ ਵੀ ਨਹੀਂ ਖਾਧੀ। ਮੈਂ ਦੋਵੇਂ ਸੰਤਰੇ ਆਪਣੀ ਮੰਮੀ ਨੂੰ ਦੇ ਦਿੱਤੇ ਸੀ। ਮੇਰੀ ਮਾਂ ਬਿਮਾਰ ਹੈ। ਜਦੋਂ ਮੰਮੀ, ਡਾਕਟਰ ਕੋਲ ਦਵਾਈ ਲੈਣ ਗਈ ਸੀ ਤਾਂ ਮੈਂ ਵੀ ਨਾਲ ਸੀ। ਡਾਕਟਰ ਜੀ ਨੇ ਮੇਰੀ ਮਾਂ ਨੂੰ ਖ਼ੂਨ ਦੀ ਕਮੀ ਦੱਸੀ ਹੈ ਤੇ ਉਸ ਨੂੰ ਪੂਰੀ ਕਰਨ ਲਈ ਫ਼ਲ ਖਾਣ ਨੂੰ ਕਿਹਾ ਹੈ। ਮੈਂ ਕੱਲ੍ਹ ਸਵੇਰੇ ਸੁਣਿਆ ਸੀ ਕਿ ਮੰਤਰੀ ਨੂੰ ਫ਼ਲਾਂ ਨਾਲ ਤੋਲਿਆ ਜਾਣਾ ਹੈ। ਇਸ ਲਈ ਮੈਂ ਕੱਲ੍ਹ ਇਸੇ ਕੰਮ ਖ਼ਾਤਰ ਛੁੱਟੀ ਲਈ ਸੀ। ਸਰ ਜੀ, ਮੈਨੂੰ ਮੁਆਫ਼ ਕਰ ਦਿਉ।" ਜੀਤੀ ਨੇ ਆਪਣੀ ਸਾਰੀ ਗੱਲ ਕਰ ਕੇ ਹੱਥ ਜੋੜ ਦਿੱਤੇ ਸਨ ਤੇ ਉਸ ਨੇ ਹਿਟਕੋਰੇ ਲੈਂਦਿਆਂ ਹੀ ਇਹ ਸਾਰੀ ਗੱਲ ਦੱਸੀ ਸੀ।

ਸਾਰੀ ਗੱਲ ਸੁਣਦਿਆਂ ਮੇਰੇ ਅਚੇਤ ਦਿਮਾਗ਼ ਵਿਚ ਮਾਪੇ ਮਿਲਣੀ ਸਮੇਂ ਸ਼ਰਾਬੀ ਹਾਲਤ ਵਿਚ ਸਕੂਲ ਆਏ ਜੀਤੀ ਦੇ ਪਿਤਾ ਦੀ ਤਸਵੀਰ ਘੁੰਮ ਗਈ। ਮੈਨੂੰ ਉਸ ਦੇ ਘਰ ਦੀ ਹਾਲਤ ਸਮਝਣ ਵਿਚ ਦੇਰ ਨਾ ਲੱਗੀ। ਮੇਰਾ ਕੱਲ੍ਹ ਦਾ ਗੁੱਸੇ ਨਾਲ ਭਰਿਆ ਦਿਲ ਪਿਘਲ ਕੇ ਮੋਮ ਹੋ ਚੁੱਕਿਆ ਸੀ। ਜੀਤੀ ਦੀਆਂ ਅੱਖਾਂ ਵਿਚ ਹੰਝੂ ਸਨ ਤੇ ਮੇਰਾ ਦਿਲ ਰੋ ਰਿਹਾ ਸੀ। ਆਪਣੇ ਨਿੱਕੇ-ਨਿੱਕੇ ਹੱਥਾਂ ਨਾਲ ਅੱਖਾਂ ਸਾਫ਼ ਕਰਦੀ ਜੀਤੀ ਨੇ ਸਹਿਜ ਹੁੰਦਿਆਂ ਮੇਰੇ ਸ਼ਾਂਤ ਚਿਹਰੇ ਵੱਲ ਦੇਖਦੇ ਹੋਏ ਸਵਾਲ ਕੀਤਾ, "ਸਰ ਜੀ, ਇਹ ਵੋਟਾਂ ਕਦੋਂ ਪੈਣੀਆਂ ਹਨ? ਜੇ ਦੋ ਤਿੰਨ ਮਹੀਨੇ ਨਾ ਪੈਣ ਤਾਂ ਮੇਰੀ ਮਾਂ ਦਾ ਖ਼ੂਨ ਇਨ੍ਹਾਂ ਵੰਡੇ ਜਾਂਦੇ ਫ਼ਲਾਂ ਨਾਲ ਪੂਰਾ ਹੋ ਸਕਦਾ ਹੈ।" ਜੀਤੀ ਨੇ ਆਪਣੇ ਸਵਾਲ ਨਾਲ ਹੀ ਇਹ ਸਵਾਲ ਪੁੱਛਣ ਦਾ ਮਕਸਦ ਵੀ ਦੱਸ ਦਿੱਤਾ ਸੀ। ਮੇਰੀ ਜ਼ੁਬਾਨ ਬੰਦ ਹੋ ਗਈ ਸੀ ਤੇ ਹਲਕਾ ਉਮੀਦਵਾਰ ਦੇ ਬੋਲੇ ਸਸਤਾ ਇਲਾਜ, ਨਸ਼ਾ ਰਹਿਤ ਸਮਾਜ, ਚੰਗੀ ਵਿੱਦਿਆ ਜਿਹੇ ਸ਼ਬਦ ਮੇਰੇ ਜ਼ਿਹਨ ਵਿਚ ਖੌਰੂ ਪਾਉਣ ਲੱਗ ਪਏ ਸਨ।

---

ਆਪ ਬੀਤੀ

# ਸਿਰੜੀ ਅੰਬੋ



-ਜਤਿੰਦਰ ਬੋਹਾ

ਪਿਤਾ ਜੀ ਦੀ ਸ਼ਹਾਦਤ ਤੋਂ ਬਾਅਦ ਘਰ ਜਿਵੇਂ ਮੂਧਾ ਵੱਜ ਗਿਆ। ਘਰ ਦੇ ਵਿਹੜੇ ਵਿਚ ਫਿਰਦੀਆਂ ਤਿੰਨ ਵਿਧਵਾਵਾਂ ਵੇਖ ਮੇਰਾ ਰੱਬ ਤੋਂ ਯਕੀਨ ਉੱਠ ਗਿਆ। ਮੇਰੀ ਮਾਤਾ, ਦਾਦੀ ਅਤੇ ਮੇਰੀ ਪੜਦਾਦੀ ਇਕ ਦੂਜੀ ਤੋਂ ਆਪਾ ਛੁਪਾਉਂਦੀਆਂ, ਘਰ ਦੇ ਖੱਲਾਂ-ਖੂੰਜਿਆਂ 'ਚ ਲੁਕ-ਲੁਕ ਕੇ ਰੋਂਦੀਆਂ ਰਹਿੰਦੀਆਂ। ਇਨ੍ਹਾਂ ਵਿਚ ਸਭ ਤੋਂ ਔਖੀ ਹਾਲਤ ਮੈਨੂੰ ਮੇਰੀ ਅੰਬੋ (ਮੇਰੀ ਪੜਦਾਦੀ) ਭਾਨ ਕੌਰ ਦੀ ਲੱਗਦੀ। ਉਹ ਆਪਣੇ ਸਿਰ ਦੇ ਸਾਈਂ, ਪੁੱਤ ਅਤੇ ਜਵਾਨ ਪੋਤਰੇ ਨੂੰ ਤੁਰ ਗਿਆ ਵੇਖ ਕੇ ਰੱਬ ਨੂੰ ਉਲਾਂਭਾ ਦਿੰਦੀ, "ਤੂੰ ਮੈਨੂੰ ਕਿਉਂ ਨਹੀਂ ਚੁੱਕ ਲੈਂਦਾ? ਹਜੇ ਹੋਰ ਕਿੰਨੇ ਕੁ ਦੁੱਖ ਦਿਖਾਉਣੇ ਬਾਕੀ ਨੇ?"

ਸੱਚਮੁੱਚ ਬਹੁਤ ਸਿਰੜੀ ਸੀ ਮੇਰੀ ਅੰਬੋ ਭਾਨ ਕੌਰ। ਜ਼ਿੰਦਗੀ ਦੀਆਂ ਤਮਾਮ ਤੰਗੀਆਂ-ਤੁਰਸ਼ੀਆਂ ਦੇ ਬਾਵਜੂਦ ਉਸ ਨੇ ਘਰ ਨੂੰ ਆਪਣੀ ਚਾਲੇ ਤੋਰੀ ਰੱਖਿਆ। ਮੇਰੀ ਮਾਤਾ ਦੇ ਵਿਧਵਾ ਹੋਣ ਤੋਂ ਬਾਅਦ ਇਕ ਵਾਰ ਕੋਈ ਸਾਡੀ ਹੱਕੀ ਥਾਂ ਉੱਪਰ ਕਬਜ਼ਾ ਕਰਨ ਦੀ ਨੀਅਤ ਨਾਲ ਸ਼ਰਾਬੀ ਹੋ ਕੇ ਸਾਡੇ ਘਰ ਅੱਗੇ ਆ ਕੇ ਅਵਾ-ਤਵਾ ਬੋਲਣ ਲੱਗਿਆ। ਅੰਬੋ ਨੇ ਉਸ ਦੀ ਉਹ ਦੁਰਗਤ ਕੀਤੀ ਕਿ ਰਹੇ ਰੱਬ ਦਾ ਨਾਂ। ਅਗਲੇ ਦਿਨ ਉਸ ਵੈਲੀ ਨੇ ਭਰੀ ਪੰਚਾਇਤ ਵਿਚ ਮੁਆਫ਼ੀ ਮੰਗ ਕੇ ਮਸਾਂ ਖਹਿੜਾ ਛੁਡਵਾਇਆ।

ਮੈਂ ਅੰਬੋ ਦਾ ਸ਼ੁਰੂ ਤੋਂ ਹੀ ਲਾਡਲਾ ਰਿਹਾ ਸਾਂ ਕਿਉਂਕਿ ਮੈਂ ਜ਼ਿਆਦਾਤਰ ਅੰਬੋ ਨਾਲ ਪਿੰਡ ਹੀ ਰਿਹਾ ਸਾਂ। ਮੈਂ ਛੋਟੇ ਹੁੰਦਿਆਂ ਦੋਸਤਾਂ-ਮਿੱਤਰਾਂ ਨਾਲ ਰਲ ਕੇ ਸੂਏ (ਛੋਟੀ ਨਹਿਰ) ਉੱਪਰ ਨਹਾਉਣ ਚਲੇ ਜਾਣਾ। ਜਦੋਂ ਅੰਬੋ ਨੂੰ ਪਤਾ ਲੱਗਣਾ ਤਾਂ ਉਸ ਨੇ ਸੂਏ ਉੱਪਰ ਆ ਕੇ ਹੀ ਮੈਨੂੰ ਜੂੜੇ ਤੋਂ ਫੜ ਕੇ ਘਰ ਤਕ ਕੁੱਟਦੇ ਹੀ ਆਉਣਾ ਤੇ ਨਾਲੇ ਕਹੀ ਜਾਣਾ, "ਜੇ ਤੂੰ ਡੁੱਬ ਗਿਆ ਤਾਂ ਮੈਂ ਤੇਰੇ ਪਿਓ ਨੂੰ ਕੀ ਜਵਾਬ ਦੇਊਂ।" ਕਿਉਂਕਿ ਉਨ੍ਹਾਂ ਦਿਨਾਂ ਵਿਚ ਮੇਰੇ ਮਾਤਾ ਜੀ ਕੁਝ ਸਮੇਂ ਲਈ ਮੇਰੇ ਫ਼ੌਜੀ ਪਿਤਾ ਜੀ ਨਾਲ ਸਾਗਰ (ਮੱਧ ਪ੍ਰਦੇਸ਼) ਰਹਿਣ ਲਈ ਗਏ ਹੋਏ ਸਨ। ਉੱਥੇ ਬਾਅਦ ਵਿਚ ਮੈਂ ਮੇਰੇ ਪਿਤਾ ਜੀ ਦੀ ਸ਼ਹਾਦਤ ਉਪਰੰਤ ਹੋਸਟਲ ਵਿਚ ਰਹਿ ਕੇ ਪੜ੍ਹਿਆ ਵੀ।

ਮਾਨਸਾ ਕਾਲਜ 'ਚ ਬੀ.ਏ. ਕਰਦਿਆਂ ਕਈ ਵਾਰ ਕਾਲਜ ਵਿਚ ਨਾਟਕਾਂ ਦੀਆਂ ਰਿਹਰਸਲਾਂ ਦੌਰਾਨ ਲੇਟ ਹੋ ਜਾਣਾ ਤਾਂ ਅੰਬੋ ਨੇ ਓਨੀ ਦੇਰ ਦਰਵਾਜ਼ੇ ਵਿਚ ਡਹੀ ਮੰਜੀ 'ਤੇ ਬੈਠੀ ਉਡੀਕਦੀ ਰਹਿਣਾ। ਮੈਂ ਘਰ ਆ ਕੇ ਆਦਤਨ ਉਸ ਦੀ ਮੰਜੀ 'ਤੇ ਬੈਠ ਕੇ ਦਸ-ਪੰਦਰਾਂ ਮਿੰਟ ਗੱਲਾਂ ਕਰਨੀਆਂ ਤਾਂ ਉਸ ਨੇ ਹਮੇਸ਼ਾ ਇਹੋ ਕਹਿਣਾ, "ਪੁੱਤ, ਵਕਤ ਨਾਲ ਘਰ ਆ ਜਾਇਆ ਕਰ। ਤੇਰਾ ਪਿਓ ਸਿਰ 'ਤੇ ਨ੍ਹੀਂ ਤੇ ਸਾਰੇ ਘਰ ਦੀ ਜ਼ਿੰਮੇਵਾਰੀ ਤੇਰੇ ਸਿਰ ਉੱਤੇ ਐ। ਅੱਜਕੱਲ੍ਹ ਵਕਤ ਬਹੁਤ ਮਾੜਾ ਐ ਪੁੱਤ।"

ਅੰਬੋ ਦੀ ਉਮਰ 90 ਸਾਲ ਤੋਂ ਉੱਪਰ ਸੀ। ਪਿਛਲੀ ਉਮਰੇ ਆ ਕੇ ਵੀ ਅੰਬੋ ਬਹੁਤ ਥੋੜ੍ਹਾ ਸਮਾਂ ਹੀ ਬਿਮਾਰ ਹੋਈ। ਉਮਰ ਦੇ ਇਸ ਪੜਾਅ 'ਤੇ ਵੀ ਉਹ ਘਰ ਦੇ ਹਰ ਕੰਮ ਵਿਚ ਮੇਰੀ ਮਾਤਾ ਨਾਲ ਵਧ-ਚੜ੍ਹ ਕੇ ਹੱਥ ਵਟਾਉਂਦੀ। ਹਰ ਸਮੇਂ ਘਰ ਦੇ ਕੰਮਾਂ ਵਿਚ ਊਰੀ ਵਾਂਗ ਘੁੰਮਦੇ ਰਹਿਣਾ ਉਸ ਦੀ ਆਦਤ ਸੀ। ਆਪਣੇ ਤੁਰ ਜਾਣ ਤੋਂ ਮਹੀਨਾ ਕੁ ਪਹਿਲਾਂ ਅੰਬੋ ਬਿਮਾਰ ਰਹਿਣ ਲੱਗੀ। ਅਕਾਲ ਚਲਾਣੇ ਤੋਂ ਇਕ ਦਿਨ ਪਹਿਲਾਂ ਵਾਲੀ ਸ਼ਾਮ ਅੰਬੋ ਨੇ ਮੈਨੂੰ ਕਿਹਾ, "ਅਮਨ, ਲਾਲੀ, ਰਾਜੂ, ਤਨਦੀਪ, ਜਸਵੀਰ ਅਤੇ ਮਨਜੀਤ (ਸਾਰੇ ਮੇਰੇ ਚਚੇਰੇ ਭੈਣ-ਭਰਾ) ਨੂੰ ਬੁਲਾ ਕੇ ਲਿਆ।" ਮੈਂ ਜਾ ਕੇ ਸਾਰਿਆਂ ਨੂੰ ਬੁਲਾ ਲਿਆਇਆ। ਸਾਰੇ ਆ ਗਏ ਤਾਂ ਅੰਬੋ ਨੇ ਸਾਰਿਆਂ ਨੂੰ ਥੋੜ੍ਹੇ ਬਹੁਤੇ ਪੈਸੇ ਉਮਰ ਦੇ ਹਿਸਾਬ ਨਾਲ ਦਿੱਤੇ।

> **ਰੋਟੀ ਖਾਣ ਤੋਂ ਬਾਅਦ ਮਾਂ ਨੇ ਦੁੱਧ ਗਰਮ ਕਰ ਕੇ ਕਿਹਾ, "ਜਾ ਅੰਬੋ ਨੂੰ ਦੁੱਧ ਦੇ ਆ।" ਮੈਂ ਜਾ ਕੇ ਅੰਬੋ ਨੂੰ ਉਠਾ ਕੇ ਦੁੱਧ ਫੜਾਇਆ ਤਾਂ ਉਹ ਦੁੱਧ ਫੜ ਕੇ ਕਹਿਣ ਲੱਗੀ, "ਤੇਰੀ ਮੰਮੀ ਕੀ ਕਰਦੀ ਏ?" ਮੈਂ ਕਿਹਾ, "ਝਲਾਨੀ 'ਚ ਕੰਮ ਕਰੀ ਜਾਂਦੇ ਐ।" ਅੰਬੋ ਕਹਿਣ ਲੱਗੀ, "ਜਾ ਵੇਖ ਕੇ ਆ ਕਿਤੇ ਏਧਰ ਤਾਂ ਨ੍ਹੀਂ ਆ ਰਹੇ।" ਮੈਂ ਵੇਖ ਕੇ ਆਖਿਆ ਕਿ ਨਹੀਂ ਆ ਰਹੇ ਤਾਂ ਅੰਬੋ ਨੇ ਆਪਣੇ ਖੀਸੇ 'ਚੋਂ ਆਪਣਾ ਰੁਮਾਲ ਕੱਢਿਆ ਤੇ ਸਾਰੇ ਪੈਸਿਆਂ ਸਮੇਤ ਮੈਨੂੰ ਫੜਾ ਦਿੱਤਾ।**

ਮੈਂ ਅੰਬੋ ਨੂੰ ਪੁੱਛਿਆ, "ਇਹ ਕੀ ਕਰਦੇ ਹੋ?" ਤਾਂ ਉਸ ਨੇ ਕਿਹਾ, "ਪੁੱਤ, ਮੈਂ ਹੁਣ ਕੀ ਕਰਨੇ ਨੇ ਇਹ।" ਮੈਨੂੰ ਕੁਝ ਵੀ ਸਮਝ ਨਾ ਆਇਆ ਕਿ ਇਹ ਸਭ ਕੀ ਹੋ ਰਿਹਾ ਹੈ। ਉਸ ਤੋਂ ਬਾਅਦ ਅੰਬੋ ਆਰਾਮ ਕਰਨ ਲਈ ਮੰਜੇ 'ਤੇ ਪੈ ਗਈ।

ਸਰਦੀਆਂ ਦੇ ਦਿਨ ਸਨ। ਸਾਡਾ ਦੋ ਕਮਰਿਆਂ ਦਾ ਸਾਦਾ ਜਿਹਾ ਘਰ ਸੀ। ਇਕ ਕਮਰੇ ਅੱਗੇ ਛੋਟੀ ਜਿਹੀ ਝਲਾਨੀ (ਰਸੋਈ) ਸੀ। ਮੇਰੀ ਮਾਤਾ ਝਲਾਨੀ ਵਿਚ ਰੋਟੀ ਬਣਾ ਰਹੀ ਸੀ ਤੇ ਅਸੀਂ ਦੋਵੇਂ ਭਰਾ ਕੋਲ ਬੈਠੇ ਖਾ ਰਹੇ ਸੀ। ਮੇਰੇ ਤੋਂ ਰਿਹਾ ਨਾ ਗਿਆ ਤੇ ਮੈਂ ਆਪਣੀ ਮਾਂ ਨੂੰ ਕਿਹਾ, "ਮੰਮੀ, ਉਂਜ ਤਾਂ ਅੰਬੋ ਜੀ ਕਹਿੰਦੇ ਨੇ ਕਿ ਮੈਂ ਉਨ੍ਹਾਂ ਦਾ ਸਾਰਿਆਂ ਤੋਂ ਲਾਡਲਾ ਪੁੱਤ ਹਾਂ। ਅੱਜ ਉਨ੍ਹਾਂ ਨੇ ਸਾਰਿਆਂ ਨੂੰ ਪੈਸੇ ਦਿੱਤੇ, ਪਰ ਮੈਨੂੰ ਕੁਝ ਵੀ ਨਹੀਂ ਦਿੱਤਾ।" ਮੰਮੀ ਕਹਿੰਦੇ, "ਕੋਈ ਨਾ ਪੁੱਤ, ਵੱਡਿਆਂ ਦੇ ਪਿਆਰ ਵਿਚ ਹੀ ਸਾਰਾ ਕੁਝ ਹੁੰਦਾ। ਪੈਸਿਆਂ ਨਾਲ ਥੋੜ੍ਹਾ, ਮਾਪਿਆਂ ਨਾਲ ਪਿਆਰ ਕਰੀਦਾ ਐ।" ਉਸ ਸਮੇਂ ਮਾਂ ਦੀ ਆਖੀ ਇਹ ਗੱਲ ਮੇਰੇ ਦਿਮਾਗ਼ 'ਚ ਨਾ ਵੜੀ।

ਰੋਟੀ ਖਾਣ ਤੋਂ ਬਾਅਦ ਮਾਂ ਨੇ ਦੁੱਧ ਗਰਮ ਕਰ ਕੇ ਕਿਹਾ, "ਜਾ ਅੰਬੋ ਨੂੰ ਦੁੱਧ ਦੇ ਆ।" ਮੈਂ ਜਾ ਕੇ ਅੰਬੋ ਨੂੰ ਉਠਾ ਕੇ ਦੁੱਧ ਫੜਾਇਆ ਤਾਂ ਉਹ ਦੁੱਧ ਫੜ ਕੇ ਕਹਿਣ ਲੱਗੀ, "ਤੇਰੀ ਮੰਮੀ ਕੀ ਕਰਦੀ ਏ?" ਮੈਂ ਕਿਹਾ, "ਝਲਾਨੀ 'ਚ ਕੰਮ ਕਰੀ ਜਾਂਦੇ ਐ।" ਅੰਬੋ ਕਹਿਣ ਲੱਗੀ, "ਜਾ ਵੇਖ ਕੇ ਆ ਕਿਤੇ ਏਧਰ ਤਾਂ ਨ੍ਹੀਂ ਆ ਰਹੇ।" ਮੈਂ ਵੇਖ ਕੇ ਆਖਿਆ ਕਿ ਨਹੀਂ ਆ ਰਹੇ ਤਾਂ ਅੰਬੋ ਨੇ ਆਪਣੇ ਖੀਸੇ 'ਚੋਂ ਆਪਣਾ ਰੁਮਾਲ ਕੱਢਿਆ ਤੇ ਸਾਰੇ ਪੈਸਿਆਂ ਸਮੇਤ ਮੈਨੂੰ ਫੜਾ ਦਿੱਤਾ। ਮੈਂ ਆਖਿਆ, "ਅੰਬੋ, ਇਹ ਐਨੇ ਪੈਸੇ ਮੈਂ ਕੀ ਕਰਨੇ ਨੇ?" ਤਾਂ ਉਸ ਨੇ ਆਖਿਆ, "ਪੁੱਤ, ਤੂੰ ਪੜ੍ਹਨ ਲਿਖਣ ਲਈ ਬਾਹਰ-ਅੰਦਰ ਜਾਂਦਾ ਰਹਿੰਦਾ ਐਂ। ਤੈਨੂੰ ਖ਼ਰਚ ਲਈ ਪੈਸੇ ਟਕੇ ਦੀ ਲੋੜ ਰਹਿੰਦੀ ਐ। ਇਹ ਸਾਰੇ ਤੂੰ ਰੱਖ ਲੈ। ਮੈਨੂੰ ਤਾਂ ਹੁਣ ਲੋੜ ਨ੍ਹੀਂ ਇਨ੍ਹਾਂ ਦੀ।" ਨਾਲੇ ਕਹਿਣ ਲੱਗੀ, "ਆਪਣੀ ਮਾਂ ਨੂੰ ਨਾ ਦੱਸੀਂ। ਨਹੀਂ ਤਾਂ ਅੱਗ ਲਾਉਣੇ ਇਹ ਵੀ ਘਰੇ ਹੀ ਚੱਲ ਜਾਣਗੇ।" ਮੈਂ ਬਹੁਤ ਕਿਹਾ ਕਿ ਤੁਸੀਂ ਆਪਣੇ ਕੋਲ ਰੱਖੋ, ਜਦ ਮੈਨੂੰ ਲੋੜ ਹੋਈ ਤਾਂ ਮੈਂ ਆਪੇ ਤੁਹਾਡੇ ਤੋਂ ਮੰਗ ਲਵਾਂਗਾ, ਪਰ ਅੰਬੋ ਨੇ ਮੱਲੋ-ਮੱਲੀ ਸਾਰੇ ਪੈਸੇ ਮੇਰੀ ਕਮੀਜ਼ ਦੀ ਜੇਬ ਵਿਚ ਪਾ ਦਿੱਤੇ।

ਬਾਟੀ ਚੁੱਕ ਕੇ ਵਾਪਸ ਆਉਂਦੇ ਸਮੇਂ ਮੇਰੀਆਂ ਅੱਖਾਂ ਵਿਚ ਹੰਝੂ ਸਨ ਤੇ ਮੇਰਾ ਗਲਾ ਭਰੜਾਇਆ ਹੋਇਆ ਸੀ। ਮੇਰੀ ਹਾਲਤ ਵੇਖ ਕੇ ਮੰਮੀ ਘਬਰਾ ਗਏ ਤੇ ਪੁੱਛਣ ਲੱਗੇ, "ਕੀ ਹੋਇਆ, ਅੰਬੋ ਤਾਂ ਠੀਕ ਐ?" ਮੈਂ ਕਿਹਾ ਕਿ ਠੀਕ ਹਨ ਤੇ ਸਾਰੀ ਗੱਲ ਰੋਂਦਿਆਂ-ਰੋਂਦਿਆਂ ਮੰਮੀ ਨੂੰ ਦੱਸੀ। ਮੇਰੀ ਮਾਤਾ ਵੀ ਸਾਰੀ ਗੱਲ ਸੁਣ ਕੇ ਹੁਬਕੀਂ ਰੋਣ ਲੱਗੀ। ਉਸ ਤੋਂ ਬਾਅਦ ਮੈਂ ਤੇ ਮੰਮੀ, ਅੰਬੋ ਨਾਲ ਗਈ ਰਾਤ ਤਕ ਗੱਲਾਂ ਕਰਦੇ ਰਹੇ।

ਅਗਲੀ ਸਵੇਰ ਮਾਂ ਸੁਵੱਖਤੇ ਉੱਠ ਕੇ ਅੰਬੋ ਨੂੰ ਚਾਹ ਦੇਣ ਗਈ ਤਾਂ ਉਸ ਦੀ ਦਿਲ ਹਲੂਣਵੀਂ ਚੀਕ ਕੇ ਸਾਰੇ ਪਰਿਵਾਰ ਨੂੰ ਜਗਾ ਦਿੱਤਾ। ਮੈਂ ਭੱਜ ਕੇ ਵੇਖਿਆ ਤਾਂ ਅੰਬੋ ਸ਼ਾਂਤ ਚਿੱਤ ਆਪਣੇ ਬਿਸਤਰੇ 'ਚ ਪਈ ਸਾਡੇ ਤੋਂ ਬਹੁਤ ਦੂਰ ਜਾ ਚੁੱਕੀ ਸੀ। ਪਿਛਲੀ ਰਾਤ ਉਨ੍ਹਾਂ ਨੇ ਮੈਨੂੰ ਜੋ ਪੈਸੇ ਦਿੱਤੇ ਸਨ, ਉਹ ਉਨ੍ਹਾਂ ਦੇ ਹੀ ਸਸਕਾਰ ਸਮੇਂ ਦੁਨਿਆਵੀ ਰਸਮਾਂ 'ਚ ਕੰਮ ਆਏ।

ਅੱਜ ਵੀ ਜਦੋਂ ਮੈਂ ਲੇਟ ਘਰ ਪਹੁੰਚਦਾ ਹਾਂ ਤਾਂ ਯਾਦ ਆਉਂਦੀ ਹੈ ਮੰਜੀ 'ਤੇ ਬੈਠੀ ਅੰਬੋ। ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਅੰਬੋ ਮੈਨੂੰ ਅੱਜ ਵੀ ਕਹਿ ਰਹੀ ਹੋਵੇ, "ਪੁੱਤ, ਵਕਤ ਨਾਲ ਘਰ ਆ ਜਾਇਆ ਕਰ, ਅੱਜਕੱਲ੍ਹ ਵਕਤ ਬਹੁਤ ਮਾੜਾ ਐ।"

*"Dedicated Professional Service With Integrity & Honesty"*

# ਅਜੈਬ ਸਿੰਘ ਜੰਡਾ

# AJAIB S. JANDA, M.A. Eco, CCIM, CAIB

Commercial Real Estate Association Broker Since 1976
Certified Commercial Investment Member (CCIM)
Canadian Accredited Insurance Broker (CAIB)

Specializing in Industrial, Commercial & Investment properties
Member of the Industrial, Commercial & Investment Division of the Real Estate Board of Greater Vancouver.
Member of the Industrial, Commercial & Investment Council of the Canadian Real Estate Association.

CCIM

COMMERCIAL



Ajaib S. Janda, MA Eco, CCIM, CAIB
Realtor Since 1971

MULTIPLE REALTY LTD

**AJAIB S. JANDA**
**604-209-6485**

MULTIPLE REALTY LTD
2298 Kingsway, Vancouver, BC
GOLDKEY INSURANCE
4038 Knight Street, Vancouver, BC
asjanda@shaw.ca

**TRUTH IS THE HIGHEST OF ALL THINGS: HIGHER STILL IS TRUTHFUL LIVING-GURU NANAK DEV JI**

ੴ ਸਤਿਗੁਰ ਪ੍ਰਸਾਦਿ

# AKALI SINGH SIKH SOCIETY

ਦੇਗ ਤੇਗ ਫਤਹਿ 1890 - SKEENA STREET, VANCOUVER, B.C., CANADA Phone: (604) 254-2117 Fax: (604) 254-5309 ਪੰਥ ਕੀ ਜੀਤ

## FREE TAX SITE / ਮੁਫਤ ਟੈਕਸ ਭਰਨ ਲਈ ਸੇਵਾਵਾਂ

**We do tax returns for seniors and people with lower income**

## FAMILY RESOURCE CENTRE

**Call for information 604-254-3558**

**START: Feb 27, 2017; ONGOING UNTIL: April 30, 2017**

**OPEN: Saturday 3:00 PM -6:00 PM**
**Sunday : 10:00 AM- 2:00 PM**
**DROP OFF: at the Main Office (with all contact information. At any time to a committee member where it will be kept locked until a volunteer retrieves all documentation)**
**APPOINTMENTS can also be made by calling 604-372-4254**

MOST UNCLAIMED BENEFITS ARE RETROACTIVE ie.
Working Income Tax Benefit (WITB)
HST Credit
Canadian Learning Bond
The Universal Child Care Benefit